ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-24 ਨੰਬਰ-24

10 ਤੋਂ 16 ਭਾਦਰੋਂ 2073 - 25 to 31 August 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਅਰਦਾਸ ਕਰ ਕੇ ਤੁਰੋ



ਸਿੱਖ ਜਦੋਂ ਵੀ ਕਿਸੇ ਕਾਰਜ ਨੂੰ ਤੁਰੇ, ਕਿਧਰੇ ਵੀ ਤੁਰੇ ਤੇ ਅਰਦਾਸ ਕਰ ਕੇ ਤੁਰੇ। ਸਤਿਗੁਰੂ ਉਸ ਦੇ ਅੰਗ ਸੰਗ ਰਹਿੰਦਾ ਹੈ। ਸਤਿਗੁਰੂ ਅੱਗੇ ਅਰਦਾਸ ਕਰਦਾ ਹੈ, ਤਾਂ ਸਤਿਗੁਰੂ ਯਾਦ ਆਉਂਦਾ ਹੈ। ਸਤਿਗੁਰੂ ਦੀ ਯਾਦ ਇੱਕ ਚੀਜ਼ ਹੈ, ਜਿਹੜੀ ਨਾਲ ਇਹ ਬਚ ਸਕਦਾ ਹੈ।




ਰਾਏਕੋਟ ਵਿਖੇ ਸ਼ਹੀਦਾਂ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਮਾਨਵਤਾ ਦੇ ਕਲਿਆਣ ਹਿੱਤ ਪ੍ਰਵਚਨ ਕਰਨ ਦੀ ਕਿਰਪਾ ਕਰਦੇ ਹੋਏ ਅਤੇ ਨਾਲ ਬੈਠੇ ਸਿੱਖ ਸੇਵਕ।

## ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਰਾਏਕੋਟ ਦੇ ਸ਼ਹੀਦਾਂ ਨਮਿਤ ਮੇਲਾ

**ਰਾਏਕੋਟ-** 5 ਅਗਸਤ 1871 ਈ. ਨੂੰ ਸ਼ਹੀਦ ਹੋਏ ਤਿੰਨ ਸਿਖਾਂ - ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਤੇ ਸੰਤ ਗੁਰਮੁਖ ਸਿੰਘ ਨਮਿਤ ਸ਼ਹੀਦੀ ਮੇਲਾ ਅੱਜ 10 ਅਗਸਤ 2016 ਨੂੰ ਬਣੀ ਸ਼ਰਧਾ ਤੇ ਪਿਆਰ ਨਾਲ ਮਨਾਇਆ ਗਿਆ। ਗੁਰਬਾਣੀ ਵਿਚ ਆਉਂਦਾ ਹੈ :

ਕਬੀਰ ਮੁਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੈ ਦੁਆਰ॥

ਇਹੋ ਜਿਹੇ ਸਹਮੀ ਯੋਧਿਆਂ ਦਾ ਮਰਨਾ, ਜਿਨਾਂ ਹੱਕ, ਸੱਚ, ਇਨਸਾਫ ਤੇ ਦਇਆ ਦੇ ਅਸੂਲਾਂ ਤੇ ਪਹਿਰਾ ਦਿੱਤਾ। ਧਰਮ ਦੀ ਪਾਲਨਾ ਕਰਨ ਹਿੱਤ ਆਪਣੀ ਜਾਨ ਨਿਛਾਵਰ ਕਰ ਦਿੱਤੀ। ਨਿਰਭਉ, ਨਿਰਵੈਰ ਕਰਨੀ ਤੇ ਕਥਨੀ ਦੇ ਸੂਰਿਆਂ ਦੇ ਜੀਵਨ ਦਾ ਉਦੇਸ਼ ਹੋਇਆ ਕਰਦਾ ਹੈ।

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,
ਸਾਬੁਰ ਸਿਦਕਿ ਸਹੀਦੁ ਭਰਮ ਭਉ ਖੋਵਣਾ॥

(ਬਾਕੀ ਸਫਾ 2 'ਤੇ)

## ਅੰਮ੍ਰਿਤਸਰ ਸ਼ਹੀਦੀ ਮੇਲਾ 15 ਸਤੰਬਰ ਨੂੰ

ਦੇਸ਼ ਦੀ ਅਜਾਦੀ,ਗਊ ਗਰੀਬ ਦੀ ਰੱਖਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਣ ਵਾਲੇ ਮਹਾਨ ਸੂਰਬੀਰ ਯੋਧੇ ਸ਼ਹੀਦ ਲਹਿਣਾ ਸਿੰਘ, ਹਾਕਮ ਸਿੰਘ, ਬੀਹਲਾ ਸਿੰਘ, ਫਤਿਹ ਸਿੰਘ ਦੀ ਯਾਦ ਵਿੱਚ ਸ਼ਹੀਦੀ ਮੇਲਾ ਨਾਮਧਾਰੀ ਪੰਥ ਦੇ ਰਹਿਨੁਮਾ ਅਤੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ 15 ਸਤੰਬਰ 2016 (31 ਭਾਦਰੋਂ 2073) ਦਿਨ ਵੀਰਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਰਾਮ ਬਾਗ (ਨੇੜੇ ਕੰਪਨੀ ਬਾਗ) ਅੰਮ੍ਰਿਤਸਰ ਵਿਖੇ ਮਨਾਇਆ ਜਾ ਰਿਹਾ ਹੈ। ਮੇਲਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਨਾਮ ਸਿਮਰਨ ਨਾਲ ਅਰੰਭ ਹੋਵੇਗਾ। ਜਥੇਦਾਰਾਂ ਦੇ ਦੀਵਾਨ, ਕਥਾ ਕੀਰਤਨ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਸ ਮੇਲੇ ਦੀ ਸੇਵਾ ਸ਼ਹੀਦ ਬਾਬਾ ਲਹਿਣਾ ਸਿੰਘ ਪੰਨਵ ਪਰਵਾਰ ਵਾਲਿਆ ਨੂੰ ਮਿਲੀ ਹੈ। ਸਾਧ ਸੰਗਤ ਇਸ ਸਮਾਗਮ ਵਿਚ ਵੱਧ ਤੋਂ ਵੱਧ ਪਹੁੰਚ ਕੇ ਹਾਜ਼ਰੀ ਭਰੇ ਅਤੇ ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨਾਂ ਦਾ ਅਨੰਦ ਮਾਣੇ।

## ਸ੍ਰੀ ਭੈਣੀ ਸਾਹਿਬ ਹੋਣ ਵਾਲੇ ਜਪ ਪ੍ਰਯੋਗ ਅਤੇ ਮੇਲੇ ਦੀਆਂ ਤਾਰੀਖਾਂ

**ਸ੍ਰੀ ਭੈਣੀ ਸਾਹਿਬ:-** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਣ ਵਾਲੇ ਚੌਥੇ ਜਪ ਪ੍ਰਯੋਗ ਦੌਰਾਨ ਸਾਧ-ਸੰਗਤ 16 ਸਤੰਬਰ 2016 ਤੋਂ ਪੂਰਾ ਇੱਕ ਮਹੀਨਾ ਲਗਾਤਾਰ ਇਲਾਹੀ ਦਰਸ਼ਨਾਂ ਦਾ ਅਨੰਦ ਮਾਣ ਸਕੇਗੀ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:-

**ਜਪ ਪ੍ਰਯੋਗ ਆਰੰਭ:** 16 ਸਤੰਬਰ 2016 (1 ਅੱਸੂ 2073) ਦਿਨ-ਸ਼ੁਕਰਵਾਰ

**ਜਪ ਪ੍ਰਯੋਗ ਸਮਾਪਤੀ:** 13 ਅਕਤੂਬਰ 2016 (28 ਅੱਸੂ 2073) ਦਿਨ-ਵੀਰਵਾਰ

**ਮੇਲਾ:** 13, 14, 15, 16 ਅਕਤੂਬਰ 2016 ( 28, 29, 30 ਅੱਸੂ ਅਤੇ 1 ਕੱਤਕ 2073) ਦਿਨ-ਵੀਰਵਾਰ, ਸ਼ੁਕਰਵਾਰ, ਸ਼ਨੀਵਾਰ, ਐਤਵਾਰ

ਸਾਧ-ਸੰਗਤ ਇਸ ਜਪ ਪ੍ਰਯੋਗ ਵਿੱਚ ਸਾਰਾ ਮਹੀਨਾ ਰੋਜਾਨਾਂ 8 ਘੰਟੇ ਨਾਮ ਸਿਮਰਨ-ਭਜਨ ਬੰਦਗੀ ਦੇ ਨਾਲ - ਨਾਲ ਕਥਾ ਕੀਰਤਨ ਦਾ ਲਾਹਾ ਵੀ ਲੈ ਸਕੇਗੀ।

ਸਤਿਜੁਗ

ਕਲਿਜੁਗ ਮੈਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਟੂਟੇ ਨੇਹੁ ਕਿ ਬੋਲਹਿ ਸਹੀ

ਪ੍ਰੇਮ ਭਾਵੇ ਹੰਸ ਦੰਦਾ ਦਾ ਪ੍ਰਤੀਕ ਹੈ ਪਰ ਪ੍ਰੇਮ ਵੀ ਨੇਮ ਬਧ ਹੁੰਦਾ ਹੈ। ਨਾ ਪ੍ਰੇਮ ਹਰ ਇਕ ਨਾਲ ਹੁੰਦਾ ਹੈ, ਨਾ ਇਸ ਦੀ ਮਾਤਰਾ ਇਕੋ ਜਿਹੀ ਹੁੰਦੀ ਹੈ। ਹਾਂ ਪ੍ਰੇਮ ਸਦੀਵੀ ਕਾਲੀ ਹੁੰਦਾ ਹੈ। ਇਹ ਕਹਿਣਾ ਸੌਖਾ ਹੈ ਕਿ ਮੈਂ ਤੈਨੂੰ ਪ੍ਰੇਮ ਕਰਦਾ ਹਾਂ, ਕਰਨਾ ਅਉਖਾ ਹੈ ਤੇ ਨਿਭਾਉਣਾ ਉਸ ਤੋਂ ਵੀ ਔਖਾ। ਵਕਤੀ ਤੌਰ ਉਤੇ ਹਾਲਾਤ ਅਨੁਸਾਰ, ਜਾਂ ਕਿਸੇ ਲੋੜ, ਸੁਆਰਥ ਨੂੰ ਮੁੱਖ ਰੱਖ ਕੇ ਸਾਂਝ ਤਾਂ ਇਕ ਵਾਰ ਬਣ ਜਾਂਦੀ ਹੈ ਪ੍ਰੇਮ ਨਹੀਂ ਪੈਦਾ ਹੁੰਦਾ। ਕਿਉਂਕਿ ਆਮ ਤੌਰ ਤੇ ਕੋਠਾ ਉਸਾਰਿਆ ਤਰਖਾਣ ਵਿਸਰਿਆ।

ਪ੍ਰੇਮ ਵਿਚ ਜਿਸ ਨੂੰ ਪ੍ਰੇਮ ਕੀਤਾ ਜਾਂਦਾ ਹੈ ਉਸ ਪ੍ਰਤੀ ਪ੍ਰੇਮ-ਪਿਆਰ, ਆਦਰ-ਮਾਣ, ਸਤਿਕਾਰ ਸਭ ਦਾ ਭਾਵ ਹੁੰਦਾ ਹੈ। ਦੁਨਿਆਵੀ ਪ੍ਰੇਮ ਵਿਚ ਵੀ ਸਮੇਂ, ਸਥਾਨ ਤੇ ਰਿਸ਼ਤੇ ਦੀ ਵਿਥ ਪੈਣ ਨਾਲ ਪ੍ਰੀਤ ਗੰਢ ਖੁਲ੍ਹ ਜਾਂਦੀ ਹੈ, ਪੀਢੀ ਨਹੀਂ ਹੁੰਦੀ। ਫਿਰ ਇਹ ਪ੍ਰੇਮ ਇਸ਼ਕ ਹਕੀਕੀ ਨਹੀਂ ਮਿਜ਼ਾਜ਼ੀ ਹੈ। ਇਸ਼ਕ ਹਕੀਕੀ ਅਕਾਲ ਪੁਰਖ ਨਾਲ ਕੀਤਾ ਜਾਂਦਾ ਹੈ ਜਾਂ ਫਿਰ ਉਸ ਨਿਰਗੁਣ ਦੇ ਸਰਗੁਣ ਸਰੂਪ ਸਤਿਗੁਰ ਨਾਲ।

ਸੰਸਾਰ ਵਿਚ ਨਾਰ ਭਤਾਰ ਦੇ ਪਿਆਰ ਦੀ ਸਾਂਝ ਬੜੇ ਨੇੜੇ ਆਲੇ ਦੁਆਲੇ ਵਿਚ ਦੇਖੀ ਜਾ ਸਕਦੀ ਹੈ। ਰਿਸ਼ਤੇ ਦੇ ਸਾਂਝ ਦੀ ਕੜੀ ਪਤੀ ਪ੍ਰਤੀ ਸਮਰਪਣ ਭਾਵ ਹੈ, ਉਸ ਨੂੰ ਰਿਝਾਉਣਾ ਹੈ, ਉਸ ਨਾਂਲ ਨਿਵ ਕੇ ਰਹਿਣਾ, ਸ਼ਹਿਦ ਵਰਗੇ ਮਿਠੇ ਬਚਨ ਬੋਲਣੇ ਤੇ ਉਸ ਦੀਆਂ ਲੋੜਾਂ, ਸੁਖ ਸੁਵਿਧਾਵਾਂ ਦਾ ਧਿਆਨ ਰਖਣਾ ਹੈ, ਆਪਣੇ ਫਰਜ਼ ਨੂੰ ਪਛਾਨਣਾ ਹੈ। ਜੇ ਕੋਈ ਕੰਮ ਕੰਤ ਨੂੰ ਚੰਗਾ ਨਹੀਂ ਲਗਦਾ ਤਾਂ ਉਸ ਤੋਂ ਮੁੱਖ ਮੋੜਨਾ ਹੈ। ਨਾਰ ਦੀ ਬਾਦਸ਼ਾਹਤ ਭਤਾਰ ਦੀ ਖੁਸ਼ੀ ਨਾਲ ਜੁੜੀ ਹੋਈ ਹੈ ਤਾਂ ਹੀ ਤਾਂ ਕਿਹਾ ਹੈ "ਸੋਈ ਰਾਣੀ ਜੋ ਖਸਮੈ ਭਾਣੀ।"

ਪਰ ਜੇ ਸਤਿਬਚਨੀ ਹੋਣ ਦੀ ਥਾਂ ਕੋਈ ਅਗੋਂ ਬੋਲੇ, ਜਿਦ ਕਰੇ, ਅੜੀ ਕਰੇ, ਝਗੜਾ ਕਰੇ ਤਾਂ ਨਰੜ ਤਾਂ ਰਹਿ ਸਕਦਾ ਹੈ ਜੋੜੀ ਨਹੀਂ ਰਹਿ ਸਕਦੀ, ਕਿਉਂਕਿ ਪ੍ਰੀਤ ਗੰਢ ਟੁੱਟ ਜਾਂਦੀ ਹੈ।

ਜੇ ਏਸੇ ਮਿਸਾਲ ਨੂੰ ਸਿਖ ਆਪਣੇ ਤੇ ਢਾਲੇ ਤੇ ਸਾਰੇ ਗੁਣਾਂ ਨਾਲ ਆਪਣੇ ਰਿਸ਼ਤੇ ਦੇ ਦ੍ਰਿਸ਼ਟੀਕੋਣ ਤੋਂ ਵੇਖੇ ਤਾਂ ਉਹ ਸਤਿਗੁਰੂ ਸਚੇ ਪਾਤਸ਼ਾਹ ਪ੍ਰਤੀ ਪ੍ਰੀਤ ਕਾਇਮ ਰੱਖਣ ਵਿਚ ਆਪਣੇ ਥਾਂ ਨੂੰ ਸਮਝ ਸਕਦਾ ਹੈ।

ਘਰ ਵਿਚ ਆਮ ਤੌਰ ਤੇ ਪੁਰਸ਼ ਸਮਝਦਾ ਹੈ ਕਿ ਫਰਜ਼ ਤਾਂ ਉਸ ਦੀ ਜੀਵਨ ਸਾਥਣ ਦੇ ਹਨ, ਉਸ ਦੇ ਹੱਕ ਹਨ। ਗੁਰੂ ਨਾਲ ਰਿਸ਼ਤੇ ਦੀ ਹਾਲਤ ਵਿਚ ਸਤਿਗੁਰੂ ਜੀ ਦਾ ਮਾਣ ਸਤਿਕਾਰ ਕਿਵੇਂ ਕਰਨਾ ਹੈ। ਉਹਨਾਂ ਨਾਲ ਕਿਵੇਂ ਮਿੱਠੇ ਬੋਲਣਾ ਹੈ ਤੇ ਨਿਓਂ ਕੇ ਰਹਿਣਾ ਹੈ, ਬਚਨ ਮੰਨਣਾ ਹੈ ? ਸਿੱਖਾਂ ਦੇ ਘਰ ਫਰਜ਼ ਦਾ ਹਿੱਸਾ ਹਨ। ਉਸਦਾ ਹੱਕ ਨਹੀਂ ਕਿਉਂਕਿ ਫਿਲਾਸਫੀ ਕਰਮ ਦੀ ਹੈ, ਫੱਲ ਦੀ ਇੱਛਾ ਰੱਖਣ ਦੀ ਨਹੀਂ। ਉਂਜ ਇਹ ਸੋਚਣ ਦੀ ਲੋੜ ਹੈ ਕਿ ਜੇ ਅਸੀਂ ਸਤਿਗੁਰੂ ਦੀ ਸ਼ਰਨ ਜਾਣ ਲਈ ਇਕ ਕਦਮ ਤੁਰਾਂਗੇ ਤਾਂ ਉਹ ਕੋਟ ਪੈਂਡਾ ਅਗੇ ਹੋ ਕੇ ਆਉਣਗੇ। ਪਰ ਜੇ ਸਿੱਖ ਦਾ ਮਨ ਹੋਰ ਮੁਖ ਹੋਰ ਹੋਏਗਾ ਤਾਂ ਉਹ ਪਛਾਣਿਆ ਜਾਏਗਾ। ਇਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਤੀ ਨਿਕਟਵਰਤੀ ਸੇਵਕ, ਵਾਰ ਵਾਰ ਆਪ ਜੀ ਨੂੰ ਕਿਸੇ ਬਾਰੇ ਅਰਜ਼ ਕਰ ਰਿਹਾ ਸੀ, "ਸੱਚੇ ਪਾਤਸ਼ਾਹ ਜੀ ਹੁਣ ਇਹ ਸਿਖ ਸੁਧਰ ਗਿਆ ਹੈ, ਇਸ ਤੇ ਕਿਰਪਾ ਕਰੋ।' ਸਤਿਗੁਰੂ ਜੀ ਹਰ ਵਾਰ ਬਚਨ ਕਰਦੇ, "ਜਦੋਂ ਇਹ ਸੁਧਰ ਜਾਏਗਾ ਮੈਨੂੰ ਆਪੇ ਪਤਾ ਲੱਗ ਜਾਏਗਾ, ਤੈਨੂੰ ਸਿਫਾਰਸ਼ ਕਰਨ ਦੀ ਲੋੜ ਨਹੀਂ ਪਵੇਗੀ।"

ਇਕ ਗੱਲ ਹੋਰ ਪਤਾ ਲਗੀ ਕਿ ਇਕ ਵਾਰ ਸਤਿਗੁਰੂ ਜੀ ਨੇ ਕਿਤੇ ਪ੍ਰਸ਼ਾਦਾ ਛਕਣ ਜਾਣਾ ਸੀ। ਆਪ ਜੀ ਨੂੰ ਸੇਵਕਾਂ ਅਰਜ਼ ਕੀਤੀ ਕਿ ਉਸ ਕੋਠੀ ਨਾ ਜਾਇਓ ਕਿਉਂਕਿ ਉਥੇ ਬੰਦੇ ਬੰਦੂਕਾਂ ਤਾਣੀ ਖੜੇ ਹਨ। ਉਸ ਕਾਰਨ ਆਪ ਜੀ ਦੀ ਸ਼ਾਨ ਵਿਚ ਕੋਈ ਫਰਕ ਨਾ ਪਵੇ। ਸਤਿਗੁਰੂ ਜੀ ਆਪਣੇ ਪਹਿਰਦੇਦਾਰਾਂ ਤੇ ਸੇਵਕਾਂ ਨੂੰ ਪਿਛੇ ਛੱਡਕੇ ਗਏ। ਅੰਦਰ ਗਏ ਤਾਂ ਗਲਾਂ ਹੋਣ ਲੱਗੀਆਂ, ਸਤਿਗੁਰੂ ਜੀ ਦੇ ਅਗੋਂ ਬੋਲਿਆ ਜਾਣ ਲੱਗਾ। ਹੁਕਮ ਮੰਨਣ ਦੀ ਥਾਂ ਆਪਣੀਆਂ ਦਲੀਲਾਂ ਪੇਸ਼ ਕੀਤੀਆਂ ਜਾਣ ਲੱਗੀਆਂ। ਸਤਿਗੁਰੂ ਜੀ ਦੇ ਪੱਖ ਨਾਲੋਂ ਆਪਣਾ ਪੱਖ ਸਹੀ ਸਾਬਤ ਕਰਨ ਦੀ ਕੋਸ਼ਿਸ਼ ਹੁੰਦੀ ਰਹੀ। ਸਤਿਗੁਰੂ ਜੀ ਨੇ ਘੰਟਿਆਂ ਬੱਧੀ ਖੜੇ ਖੜੋਤੇ ਸਾਰੀਆਂ ਗੱਲਾਂ ਸੁਣੀਆਂ। ਹਰ ਗੱਲ ਦਾ ਸਹੀ ਪੱਖ ਸਮਝਾਇਆ ਵੀ ਪਰ ਕੋਈ ਅਸਰ ਨਾ ਹੋਇਆ। ਪਰ ਕੀ ਸਤਿਗੁਰੂ ਪ੍ਰਤੀ ਫਰਜ਼ ਵਾਲਾ ਰਿਸ਼ਤਾ ਨਿਭਾਇਆ ਗਿਆ ? ਕੀ ਹੁਕਮ ਮੰਨਣ ਦੇ ਸੁਖ ਨੂੰ ਅਨੁਭਵ ਕੀਤਾ ਗਿਆ? ਕੀ ਸਾਹਮਣੇ ਬੋਲ ਕੇ ਸੁਖ ਬਣਿਆ? ਪ੍ਰੀਤ ਗੰਢ ਪੀਢੀ ਹੋਈ? ਨਹੀਂ। ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਦਰਜ਼ ਹੈ "ਟੂਟੈ ਨੇਹੁ ਕਿ ਬੋਲਹਿ ਸਹੀ।।" ਭਾਵ ਅਗੇ ਬੋਲਣ ਨਾਲ ਪਿਆਰ ਟੁਟਦਾ ਹੈ। ਅਗੋਂ ਬੋਲਣ ਲੱਗਿਆਂ ਸਾਡੇ ਸ਼ਬਦ ਚੰਗੇ ਨਹੀਂ ਹੁੰਦੇ। ਜੇ ਸ਼ਬਦ ਚੰਗੇ ਵੀ ਹੋਣ ਤਾਂ ਉਹਨਾਂ ਦੀ ਪੇਸ਼ਕਾਰੀ ਚੰਗੀ ਨਹੀਂ ਰਹਿੰਦੀ। ਜੇ ਪੇਸ਼ਕਾਰੀ ਵੀ ਸਹੀ ਰਖ ਲਈ ਜਾਵੇ ਤਾਂ ਵੀ ਸਾਡਾ ਹਾਵ ਭਾਵ, ਉਤਾਰ ਚੜਾਅ ਸਾਡੀ ਭਾਵਨਾ ਨੂੰ ਲੁਕਿਆਂ ਨਹੀਂ ਰਹਿਣ ਦੇਵੇਗਾ। ਫਿਰ ਚਿਹਰਾ ਤਾਂ ਸਾਡੀ ਸੋਚ ਦਾ ਸ਼ੀਸ਼ਾ ਹੈ। ਸਾਹਮਣੇ ਖੜਾ ਵਿਅਕਤੀ ਸਾਡੇ ਸ਼ਬਦਾਂ ਤੋਂ ਵੱਧ ਸਾਡਾ ਚਿਹਰਾ ਵੀ ਪੜ ਲਵੇਗਾ। ਫਿਰ ਸਤਿਗੁਰ ਤਾਂ ਸਾਡਾ ਸਤਿਗੁਰ ਹੈ, ਸਚਾ ਪਾਤਸ਼ਾਹ ਸਤਿਪੁਰਖ ਨੂੰ ਜਾਨਣ ਵਾਲਾ ਉਸ ਅਗੇ ਸਾਡੇ ਮੁਲੱਮਾ ਬੇਪਛਾਣ ਨਹੀਂ ਰਹਿੰਦਾ ਤੇ ਕੁਬੋਲ ਬੋਲ ਕੇ ਅਸੀਂ ਖੱਟਿਆ ਕੀ,

***ਟੂਟਿ ਪਰੀਤਿ ਗਈ ਬੁਰ ਬੋਲਿ।।***

ਅਸੀਂ ਪ੍ਰੀਤ ਪਿਆਰ ਪਾਉਂਦੇ ਹਾਂ ਲਾਹਾ ਖੱਟਣ ਲਈ। ਪਰ ਲਾਹਾ ਤਾਂ ਹੁਕਮ ਮੰਨ ਕੇ ਖੱਟਿਆ ਜਾ ਸਕਦਾ ਹੈ। ਇਕ ਹੋਰ ਮਿਸਾਲ ਹੈ ਕਿਸੇ ਨੇ ਸੇਵਕ ਰੱਖਿਆ ਹੋਇਆ ਹੈ। ਉਸ ਸੇਵਕ ਨੂੰ ਤਨਖਾਹ ਦਿਤੀ ਜਾ ਰਹੀ ਹੈ। ਉਹ ਸੇਵਕ, **"ਕਾਰ ਕਮਾਵਹਿ ਸਿਰਿ ਧਣੀ ਲਾਹਾ ਪਲੈ ਪਾਇ" (ਮਹਲਾ ੧)** ਪਰ ਜੇ ਸੇਵਕ ਆਪਣੇ ਆਪ ਨੂੰ ਚਤੁਰ ਸਿਆਣਾ ਸਮਝ ਕੇ ਮਾਲਕ ਨੂੰ ਮੱਤਾਂ ਦੇਣ ਲਗੇ। ਉਸ ਦਾ ਦੱਸਿਆ ਕੰਮ ਨਾ ਕਰੇ ਤਾਂ ਕੀ ਉਸ ਨੂੰ ਮਾਲਿਕ (ਖਸਮ) ਦਾ ਆਗਿਆਕਾਰ ਚਾਕਰ (ਸੇਵਕ) ਕਿਹਾ ਜਾ ਸਕਦਾ ਹੈ? ਸਤਿਗੁਰੂ ਨਾਨਕ ਦੇਵ ਜੀ ਪ੍ਰਸ਼ਨ ਕਰਦੇ ਹਨ, **"ਚਾਕੁਰ ਕਹੀਐ ਖਸਮ ਕਾ ਸਉਹੇ ਉਤਰ ਦੇਇ।।"** ਇਸ ਸੁਆਲ ਦਾ ਜੁਆਬ ਨਾਂਹ ਵਾਚਕ ਹੈ। ਕੇਵਲ ਇਹ ਹੀ ਨਹੀਂ ਕਿ ਉਹ ਸੇਵਕ ਕਹਿਲਵਾਉਣ ਦਾ ਜਾਂ ਸਤਿਗੁਰੂ ਦੀ ਸਥਿਤੀ ਵਿਚ ਸਿੱਖ ਅਖਵਾਉਣ ਦਾ ਅਧਿਕਾਰ ਗੁਆ ਬੈਠਦਾ ਹੈ। ਉਹ ਉਸ ਨਾਲ ਜੁੜੀ ਸੁਖ ਸੁਵਿਧਾ, ਸੁਖ ਸ਼ਾਂਤੀ ਨੂੰ ਵੀ ਗੁਆ ਬੈਠਦਾ ਹੈ। ਉਸ ਦਾ ਆਦਰ ਮਾਣ ਵੀ ਘਟਦਾ ਹੈ। ਜੇ ਉਹ ਸੋਚੇ ਕਿ ਮੈਂ ਕਿਸੇ ਵੇਲੇ ਮਾਲਕ ਕੋਲੋਂ ਤਰੱਕੀ ਪ੍ਰਾਪਤ ਕਰ ਸਕਦਾ ਹਾਂ, ਵੱਧ ਤਨਖਾਹ ਲੈ ਸਕਦਾ ਹਾਂ, ਵੱਧ ਮਾਣ ਪ੍ਰਾਪਤ ਕਰ ਸਕਦਾ ਹਾਂ, ਉਚੀ ਪਦਵੀ ਪ੍ਰਾਪਤ ਕਰ ਸਕਦਾ ਹਾਂ ਤਾਂ ਸਤਿਗੁਰੂ ਨਾਨਕ ਦੇਵ ਜੀ ਨਿਰਣਾ ਦਿੰਦੇ ਹਨ **"ਵਜਹੁ ਗਵਾਏ ਆਪਣਾ ਤਖਤਿ ਨਾ ਬੈਸਹਿ ਸੇਇ।।** ਇਹ ਉਸ ਦੀ ਭੁੱਲ ਹੈ। ਅਗੋਂ ਬੋਲਿਆਂ ਦੂਜੇ ਦਾ ਦਿਲ ਨਹੀਂ ਜਿੱਤੀਦਾ ਸਗੋਂ ਬਣਦੀ ਥਾਂ ਵੀ ਗੁਆ ਬੈਠਦੀ ਹੈ।

ਇਹ ਇਕ ਸਮਸਿਆ ਹੈ, ਗੁੰਝਲ ਹੈ, ਸਵਾਲ ਹੈ ਕਿ ਜੇ ਅਗੋਂ ਬੋਲਿਆਂ, ਬੋਲ, ਕੁਬੋਲ ਬੋਲਿਆਂ ਪ੍ਰੀਤ ਘਟਦੀ ਹੈ ਤਾਂ ਪ੍ਰੀਤ ਕਿਵੇਂ ਵਧੇ? ਇਸ ਦਾ ਉਤਰ ਵੀ ਬਹੁਤ ਔਖਾ ਨਹੀਂ ਕਿ ਆਪਣੀ ਬੋਲ ਬਾਣੀ ਤੇ ਕਾਬੂ ਰੱਖਿਆ ਜਾਏ। ਆਪਣੇ ਹਾਵ ਭਾਵ ਸੰਤੁਲਿਤ ਰਖੇ ਜਾਣ। ਉਹ ਕਰਮ ਕੀਤਾ ਜਾਏ ਜੋ ਪਰਮ ਪਿਆਰੇ ਸਤਿਗੁਰੂ ਨੂੰ ਚੰਗਾ ਲਗੇ ਤਾਂ ਟੁੱਟੀ ਗੰਢੀ ਜਾ ਸਕਦੀ ਹੈ। ਬਖਸ਼ਸ਼ ਹੋ ਸਕਦੀ ਹੈ। ਮਾਫੀ ਮਿਲ ਸਕਦੀ ਹੈ। ਸੰਸਾਰ ਵਿਚ ਸਾਡਾ ਮੁਖ ਉਜਲਾ ਹੋ ਸਕਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਆਪਦੀ ਬਾਣੀ ਵਿਚ ਲਿਖਿਆ ਹੈ, **ਟੂਟੈ ਗੰਠਿ ਪੜੈ ਵੀਚਾਰ।। ਗੁਰ ਸਬਦੀ ਘਰਿ ਕਾਰਜੁ ਸਾਰਿ।।** ਸੋ ਵਿਚਾਰ ਕਰਦਿਆਂ ਗੰਢ ਪੈ ਸਕਦੀ ਹੈ। ਸਤਿਗੁਰੂ ਦੇ ਸ਼ਬਦ ਨੂੰ ਮੰਨਣ ਵਾਲੇ ਵਿਚਾਰ ਕਰਦੇ ਹਨ ਅਤੇ ਮੁਕਤੀ ਪ੍ਰਾਪਤ ਕਰਦੇ ਹਨ ਨੇਹੁ ਲਗਾ ਕੇ, ਸਚੀ ਪ੍ਰੀਤ ਕਰਕੇ, ਇਸ਼ਕ ਹਕੀਕੀ ਕਰਕੇ। ਪਰ ਇਸ ਨੂੰ ਤੋੜਨ ਵਾਲੇ ਆਪਣੇ ਪ੍ਰੀਤਮ ਪਿਆਰੇ ਨੂੰ ਅਗੋਂ ਬੋਲਣ, ਜੋ ਬੋਲ ਕੁਬੋਲ ਕਰਨ ਤਾਂ ਪ੍ਰੀਤ ਨਹੀਂ ਲਭਦੀ।

**-ਤਾਰਾ ਸਿੰਘ ਅਨਜਾਣ**

# ਰਾਏਕੋਟ ਦੇ ਸ਼ਹੀਦਾਂ ਨਮਿਤ ਮੇਲਾ.. (ਬਾਕੀ ਸਫਾ 1 ਦੀ)

ਅਗੰਮੀ ਪ੍ਰੇਮ ਦੀ ਇਹ ਅਸਚਰਜ ਨਿਰਾਲੀ ਤੇ ਬਿਖਮ ਮਾਰਗ ਤੇ ਚੱਲਣ ਵਾਲੇ ਨਾਮਧਾਰੀ ਸਿੰਘ ਬਹੁਤ ਹੀ ਸ਼ਾਂਤ, ਸਰਲ ਤੇ ਸੰਤ ਮਤ ਪ੍ਰਕਿਰਤੀ ਦੇ ਸਿੱਖ ਹਨ। ਪਰ ਦੇਸ਼ ਅਤੇ ਧਰਮ ਦੀ ਖਾਤਰ ਆਜ਼ਾਦੀ ਦੇ ਸੰਘਰਸ਼ ਲਈ ਜਿਨਾਂ ਖੂਨ ਇਹਨਾਂ ਧਰਮੀ ਸ਼ਹੀਦ ਕੂਕਿਆਂ ਨੇ ਡੋਲਿਆ ਹੈ, ਸ਼ਾਇਦ ਹੀ ਕਿਸੇ ਇਤਿਹਾਸਕਾਰ ਨੇ ਇਸਨੂੰ ਆਪਣੇ ਸ਼ਬਦਾਂ ਰਾਹੀਂ ਯੋਗ ਸਥਾਨ ਦਿੱਤਾ ਹੋਵੇ। ਨਾਮਧਾਰੀ ਸਿੰਘਾਂ ਦੇ ਅੰਦੋਲਨ ਵਿਚ ਮਲੇਰਕੋਟਲੇ ਦਾ ਸਾਕਾ ਇਕ ਚੜ੍ਹਤ ਤੇ ਜਲੋਅ ਵਾਲਾ ਪੜਾਅ ਸੀ। ਉਸ ਸਾਕੇ ਨੂੰ ਜਿਸ ਵਿਚ ੮੦ ਸਿੰਘ ਸ਼ਹੀਦ ਹੋਏ ਅਤੇ ਬਾਕੀ ਰਾਏਕੋਟ, ਲੁਧਿਆਣਾ ਤੇ ਅੰਮ੍ਰਿਤਸਰ ਸਾਹਿਬ ਦੇ ਸਾਕਿਆਂ ਦੇ ਸ਼ਹੀਦ ਸਿੰਘ ਮਿਲਾਕੇ ੧੨੫ ਸਿੰਘ ਸ਼ਹੀਦ ਹੋਏ, ਇਨਾਂ ਸਾਕਿਆਂ ਨੇ ਨਾਮਧਾਰੀ ਸਿੰਘਾਂ ਨੂੰ ਦੇਸ਼ ਭਗਤਾਂ ਦੀ ਕਤਾਰ ਵਿਚ ਸਭ ਤੋਂ ਮੂਹਰੇ ਖੜਾ ਕਰ ਦਿੰਦਾ ਹੈ। ੧੮ ਜਨਵਰੀ ਸੰਨ ੧੮੭੨ ਈ. ਦੀ ਸਵੇਰ ਨੂੰ ਜੰਗੇ ਆਜ਼ਾਦੀ ਦੇ ਮੋਢੀ, ਨਾਮਧਾਰੀ ਲਹਿਰ ਦੇ ਬਾਨੀ, ਸਮਾਜ ਸੁਧਾਰਕ, ਨਾ ਮਿਲਵਰਤਨ ਲਹਿਰ ਦੇ ਸੰਚਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਕੇ ਜਲਾਵਤਨ ਕਰ ਦਿੱਤਾ ਗਿਆ। ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ੫੦ ਸਾਲ ਪੁਲਿਸ ਦਾ ਸਖਤ ਪਹਿਰਾ ਰਿਹਾ। ਕੂਕਿਆਂ ਤੇ ਇਕ ਕਹਿਰ ਵਿਛੋੜੇ ਦਾ ਮਾਰੂ ਝੱਖੜ ਝੁਲਿਆ ਪਰ ਆਜ਼ਾਦੀ ਦੇ ਸੰਘਰਸ਼ ਵਿਚ ਇਹ ਨਾਮਧਾਰੀ ਕੂਕੇ ਅਗਾਂਹ ਹੀ ਵਧਦੇ ਗਏ। ਕਿਸੇ ਕਵੀ ਨੇ ਠੀਕ ਹੀ ਲਿਖਿਆ ਹੈ :

*"ਸ਼ਹੀਦੋਂ ਕੀ ਚਿਤਾਓਂ ਪਰ*
*ਲਗੇਂਗੇ ਹਰ ਬਰਸ ਮੇਲੇ*
*ਦੇਸ ਪਰ ਮਰ ਮਿਟਨੇ ਵਾਲੋਂ ਕਾ*
*ਯਹੀ ਬਾਕੀ ਨਿਸ਼ਾ ਹੋਗਾ।*

ਇਨਾਂ ਮਹਾਨ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਹ ਸ਼ਹੀਦੀ ਮੇਲਾ ਮਨਾਇਆ ਗਿਆ। ਜਿਸ ਵਿਚ ਆਲੇ ਦੁਆਲੇ ਦੀ ਸਾਧ ਸੰਗਤ ਨੇ ਆਕੇ ਮੇਲੇ ਦੀ ਰੌਣਕ ਨੂੰ ਵਧਾਇਆ। ਅੰਮ੍ਰਿਤ ਵੇਲੇ ਨਾਮਧਾਰੀ ਵਿਦਿਅਕ ਜਥਾ ਰਾਮਪੁਰਾ ਫੂਲ ਦੇ ਨੌਜਵਾਨਾਂ ਵਲੋਂ ਹਵਨ ਕੀਤੇ ਗਏ। ਉਸ ਤੋਂ ਬਾਅਦ ਪੰਡਾਲ ਵਿਚ ਹਲੇ ਦੇ ਦਿਵਾਨ ਆਰੰਭ ਹੋਏ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਅਮਰੀਕ ਸਿੰਘ ਲੁਧਿਆਣਾ ਤੇ ਸਾਥੀ ਸਿੰਘਾਂ ਨੇ ਕੀਤਾ। ਸੂਬਾ ਨਿਰੰਜਨ ਸਿੰਘ ਟਮਕੌਦੀ ਨੇ ਆਪਣੀਆਂ ਉਚੀਆਂ ਸੁਰਾਂ ਵਿਚ ਸ਼ਹੀਦਾਂ ਨੂੰ ਯਾਦ ਕਰਕੇ ਧਾਰਨਾ ਲਾਈ-

*ਸਦਾ ਰਹੂ ਦੁਨੀਆਂ ਤੇ*
*ਨਾਮ ਧਰਮੀ ਬੰਦਿਆਂ ਦਾ।*

ਜਥੇਦਾਰ ਜਸਪਾਲ ਸਿੰਘ ਸੰਤ ਨਗਰ ਨੇ ਆਪਣੇ ਸਮੇਂ ਸ਼ਹੀਦਾਂ ਦੇ ਜੀਵਨ ਤੇ ਚਾਨਣਾ ਪਾਇਆ।

*ਡੁਲਦਾ ਖੂਨ ਸ਼ਹੀਦਾਂ ਦਾ,*
*ਤਕਦੀਰ ਬਦਲੀ ਕੌਮਾਂ ਦੀ।*

**ਕਵੀਸ਼ਰ ਗੁਰਸੇਵਕ ਸਿੰਘ ਢਿਲੋਂ**, ਜਰਨੈਲ ਸਿੰਘ ਰਾੜਾ ਤੇ ਮਲ ਸਿੰਘ ਨੇ ਆਪਣੀ ਛੰਦਾ ਬੰਦੀ ਵਿਚ ਸ਼ਹੀਦਾਂ ਦਾ ਇਤਿਹਾਸ ਪੇਸ਼ ਕੀਤਾ। ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਸ਼ਹੀਦਾਂ ਦੀ ਯਾਦ ਵਿਚ ਹਲੇ ਦਾ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**ਸ. ਬਿਕਰਮਜੀਤ ਸਿੰਘ ਖਾਲਸਾ- ਸਾਬਕਾ ਸੰਸਦੀ ਸਕੱਤਰ** ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਂਦਿਆਂ ਕਿਹਾ ਕਿ ਅੱਜ ਅਸੀਂ ਆਜ਼ਾਦੀ ਦਾ ਨਿੱਘ ਇਨ੍ਹਾਂ ਦੀ ਬਦੌਲਤ ਹੀ ਮਾਣ ਰਹੇ ਹਾਂ। ਇਹਨਾਂ ਸ਼ਹੀਦਾਂ ਨੇ ਆਪਣੀ ਜਾਨ ਦੀ ਕੋਈ ਪਰਵਾਹ ਨਹੀਂ ਕੀਤੀ। ਦੇਸ਼ ਕੌਮ ਤੇ ਗਊ ਦੀ ਖਾਤਰ ਸ਼ਹਾਦਤਾਂ ਦਿੱਤੀਆਂ। ਖਾਲਸਾ ਜੀ ਨੇ ਸੂਬਾ ਖਰਲ ਵਲੋਂ ਪੜਿਆ ਡਾਕੂਮੈਂਟ ਬਹੁਤ ਸਲਾਹਿਆ। ਉਹਨਾਂ ਕਿਹਾ ਕਿ ਇਹ ਬਹੁਤ ਵਧੀਆ ਉਦਮ ਹੈ।

**ਸ਼੍ਰੀ ਲਛਮਣ ਦਾਵਿੜ ਆਗੂ ਬਾਲਮੀਕਿ ਸਮਾਜ** ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਇਹਨਾਂ ਮਹਾਨ ਸ਼ਹੀਦਾਂ ਨੂੰ ਅਸੀਂ ਜ਼ਿੰਦਗੀ ਭਰ ਭੁਲ ਨਹੀਂ ਸਕਦੇ। ਇਹਨਾਂ ਸ਼ਹੀਦਾਂ ਦੀ ਕੁਰਬਾਨੀ ਹਮੇਸ਼ਾਂ ਯਾਦ ਰਹੇਗੀ। ਇਹ ਮਹਾਨ ਸ਼ਹੀਦ ਸਾਡੀ ਕੌਮ ਦਾ ਸਰਮਾਇਆ ਹਨ ਸਾਨੂੰ ਇਹਨਾਂ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ।

**ਸੰਤ ਸੁਰਿੰਦਰ ਸਿੰਘ ਨਾਮਧਾਰੀ ਮੀਤ ਪ੍ਰਧਾਨ ਨਾਮਧਾਰੀ ਦਰਬਾਰ** ਨੇ ਕਿਹਾ ਕਿ ਜੋ ਕੁਝ ਵੀ ਹੋਇਆ ਹੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ। ਅਸੀਂ ਉਹਨਾਂ ਦੇ ਪਰਉਪਕਾਰਾਂ ਨੂੰ ਭੁਲ ਨਹੀਂ ਸਕਦੇ। ਸ੍ਰੀ ਸਤਿਗੁਰੂ ਜੀ ਨੇ ਆਪ ਕਿਰਪਾ ਕਰਕੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਵਾਈਆਂ ਤੇ ਸ੍ਰੀ ਬਾਦਲ ਸਾਹਿਬ ਰਾਹੀਂ ਇਹ ਕਾਰਜ ਕਰਵਾਇਆ। ਦੇਸ਼ ਦੀ ਆਜ਼ਾਦੀ ਵਾਸਤੇ ਸ਼ਹੀਦਾਂ ਨੇ ਜੋ ਕੁਰਬਾਨੀਆਂ ਦਿੱਤੀਆਂ ਅਸੀਂ ਉਹਨਾਂ ਨੂੰ

**(ਬਾਕੀ ਸਫਾ 7 'ਤੇ)**

# ਮੰਡੀ ਵਿਖੇ ਸ੍ਰੀ ਸਤਿਗੁਰੂ ਜੀ ਦਾ ਪ੍ਰਕਾਸ਼ ਪੁਰਬ ਮੇਲਾ

22-7-2016 ਨੂੰ ਨਾਮਧਾਰੀ ਸੰਗਤ ਮੰਡੀ ਤੇ ਨਾਲ ਲਗਦਿਆਂ ਇਲਾਕਿਆਂ ਦੀ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਸਾਧਾ ਸਿੰਘ ਦੀ ਸ੍ਰਪਰਸਤੀ ਹੇਠ ਹੋਇਆ। ਸ਼ਾਮ ਨੂੰ ਨਾਮ ਸਿਮਰਨ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਤੋਂ ਆਏ ਰਾਗੀ ਇੰਦਰਜੀਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਤੰਤੀ ਸਾਜਾਂ ਨਾਲ ਕੀਰਤਨ ਕਰਕੇ ਸ੍ਰੀ ਭੈਣੀ ਸਾਹਿਬ ਦੇ ਕੀਰਤਨ ਦੀ ਯਾਦ ਤਾਜ਼ਾ ਕਰਵਾ ਦਿੱਤੀ। ਸੰਤ ਸਤਿੰਦਰਪਾਲ ਸਿੰਘ ਨੇ ਆਪਣੇ ਵਿਚਾਰ ਸਾਧ ਸੰਗਤ ਨਾਲ ਸਾਂਝੇ ਕੀਤੇ ਅਤੇ ਦੱਸਿਆ ਕਿ ਅਸੀਂ ਹਾਜ਼ਰਾ ਹਜ਼ੂਰ ਗੁਰੂ ਜੀ ਦੇ ਹੁਕਮ ਵਿਚ ਚਲਕੇ ਆਪਣਾ ਜੀਵਨ ਸਵਾਰ ਸਕਦੇ ਹਾਂ। ਸਾਧ ਸੰਗਤ ਹੁੰਮ ਹੁਮਾ ਕੇ ਪਹੁੰਚੀ ਹੋਈ ਸੀ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੀਆਂ ਦਿਤੀਆਂ ਦਾਤਾਂ ਵਿਚੋਂ ਸਾਰੀ ਸੰਗਤ ਵਾਸਤੇ ਲੰਗਰ ਤਿਆਰ ਸੀ। ਸੇਵਾਦਾਰਾਂ ਨੇ ਪ੍ਰੇਮ ਤੇ ਪਿਆਰ ਨਾਲ ਲੰਗਰ ਛਕਾਣ ਦੀ ਸੇਵਾ ਕੀਤੀ।

**- ਸਤਵੰਤ ਸਿੰਘ ਮੰਡੀ (ਹਿ. ਪ੍ਰ.)**



ਮੰਡੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਪ੍ਰਕਾਸ਼ ਪੁਰਬ ਮੇਲੇ ਸਮੇਂ ਸੂਬਾ ਗੁਰਮੀਤ ਸਿੰਘ ਦੀ ਅਗਵਾਈ ਵਿਚ ਬੈਠੀ ਸਾਧ ਸੰਗਤ।

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸੰਤੋਖ, ਦਇਆ, ਧਰਮ ਸਾਡੇ ਅੰਦਰ ਆਵੇ



ਇਹ ਨੌਜਵਾਨਾਂ ਦਾ ਇਕੱਠ, ਭਾਵੇਂ ਮੇਰੇ ਨਾਮ ਲੱਗ ਗਿਐ, ਪਰ ਇਹ ਕਿਰਪਾ ਸਤਿਗੁਰੂ ਪਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਨੇ ਕੀਤੀ ਹੈ। ਸਤਿਗੁਰਾਂ ਦੇ ਉਪਦੇਸ਼ ਵਿਚ ਹੈ ਕਿ ਬੁੱਢੇ ਕੁਝ ਨਹੀਂ ਕਰ ਸਕਦੇ, ਬੱਚੇ ਕੁਝ ਨਹੀਂ ਕਰ ਸਕਦੇ ਤੇ ਨੌਜਵਾਨ ਸਾਰਾ ਕੁਝ ਕਰ ਸਕਦੇ ਨੇ, ਇਹ ਕਿਸੇ ਵੀ ਕੰਮ ਨੂੰ ਲੈ ਤੁਰਨ, ਉਹ ਕੰਮ ਸਿਰੇ ਚੜ੍ਹ ਸਕਦੈ। ਤੁਸੀਂ ਬਹੁਤ ਉੱਦਮ ਕੀਤੈ। ਐਤਕਾਂ ਜਿਹੜੇ ਪ੍ਰਬੰਧਕ ਨੇ ਉਹਨਾਂ ਬਹੁਤ ਮਿਹਨਤ ਕੀਤੀ ਹੈ। ਇਸ ਗੱਲੋਂ ਉਹ ਸ਼ਾਬਾਸ਼ ਦੇ ਹੱਕਦਾਰ ਨੇ। ਉਹਨਾਂ ਅਗੇ ਨਾਲੋਂ ਗਿਣਤੀ ਕਿੰਨੀ ਵਧਾ ਦਿਤੀ ਹੈ। ਸਾਰੇ ਠੀਕ ਜਥੇਬੰਦਕ ਤਰੀਕੇ ਨਾਲ ਰਹੇ ਨੇ। ਬਾਹਰ-ਅੰਦਰ ਉਹਨਾਂ ਨੇ ਨਹੀਂ ਜਾਣ ਦਿੱਤਾ। ਜਿਹੜੇ ਬੱਚੇ ਨਹੀਂ ਗਏ ਜਿਹਨਾਂ ਦਾ ਬੜਾ ਜੀਅ ਕਰਦਾ ਸੀ, ਅਸੀਂ ਕਟਾਣੀ ਜਾਈਏ, ਫਲਾਣੇ ਥਾਂ ਜਾਈਏ, ਉਹ ਵੀ, ਆਪਣੇ ਮਨ ਨੂੰ ਬੰਨ੍ਹ ਕੇ ਏਥੇ ਰਹੇ ਨੇ, ਉਹਨਾਂ ਦੇ ਵੀ ਸ਼ਾਬਾਸ਼। ਏਥੇ ਆਉਣਾ ਹੀ ਇਸ ਵਾਸਤੇ ਐ ਕਿ ਆਪਣੇ ਮਨ ਨੂੰ ਕਾਬੂ ਵਿਚ ਰਖੀਏ, ਤੇ ਲਾਲਚ ਵਾਲੇ ਪਾਸੇ ਧਿਆਨ ਨਹੀਂ ਦੇਣਾ।

ਤੁਲਸੀ ਦਾਸ ਜੀ ਦਾ ਦੋਹਰਾ ਹੈ:-

ਗੋ ਧਨ ਗਜ ਧਨ, ਬਾਣ ਧਨ ਔਰ ਰਤਨ ਧਨ ਖਾਨ। ਜਹ ਆਵੈ ਸੰਤੋਖ ਧਨ, ਸਭ ਧਨ ਧੂਰ ਸਮਾਨ।

ਜਦੋਂ ਸੰਤੋਖ ਆ ਜਾਵੇ, ਸਾਰੇ ਧਨ ਬੜੇ ਛੋਟੇ ਰਹਿ ਜਾਂਦੇ ਨੇ, ਸਵਾਹ ਹੋ ਜਾਂਦੇ ਨੇ।

**ਮੋਹ ਮਾਇਆ ਕੈ ਸੰਗਿ ਨ ਲੇਪੁ।।**

ਸੋ ਤੁਸੀਂ ਜਿਥੇ ਏਨਾ ਕੁਝ ਕੀਤੈ, ਜਿੰਨੇ ਵੀ ਏਥੇ ਆਏ ਹੋ, ਨਿਯਮ ਕਰਕੇ ਜਾਓ ਕਿ ਪੰਜਾਂ ਬਾਣੀਆਂ ਦਾ ਪਾਠ ਜ਼ਰੂਰ ਕਰਿਆ ਕਰੋਗੇ। ਜਿਹੜੇ ਕਰਨ ਉਹ ਆਪਣੇ ਆਪਣੇ ਪ੍ਰਬੰਧਕਾਂ ਦੇ ਰਾਹੀਂ ਮੈਨੂੰ ਦੱਸਣ ਕਿ ਐਨੇ ਮੁੰਡੇ ਕਰਨ ਲੱਗੇ ਨੇ ਤੇ ਅੱਗੇ ਨਾਲੋਂ ਕੀ ਵਾਧਾ ਹੋਇਐ।

ਨਿਯਮਤ ਰੂਪ ਵਿਚ ਇਕ ਘੰਟਾ ਨਾਮ ਸਿਮਰਨ ਜ਼ਰੂਰ ਹੋਵੇ। ਸਣੇਕੇਸੀ ਇਸ਼ਨਾਨ ਸੂਰਜੋਂ ਪਹਿਲੋਂ ਜ਼ਰੂਰ ਹੋਵੇ। ਸੂਰਜ ਚੜ੍ਹਦੇ ਤੇ ਛਿਪਦੇ ਨਾਲ ਕੋਈ ਸੁੱਤਾ ਨਾ ਹੋਵੇ। ਜਦੋਂ ਪਿਸ਼ਾਬ ਕਰਨੈ ਓਦੋਂ ਜਲ ਵਰਤੋ, ਸ਼ੀਸ਼ੀਆਂ ਰੱਖੋ ਕੋਲ। ਪਵਿੱਤਰਤਾ ਕਾਇਮ ਕਰਨ ਵਾਸਤੇ ਥੋੜ੍ਹਾ ਥੋੜ੍ਹਾ ਏਧਰ ਨੂੰ ਤੁਰੋ ਤਕੜੇ ਹੋ ਕੇ। ਜਿਹੜਾ ਆਖੇ ਲੱਗੇ ਉਸਨੂੰ ਏਸ ਰਾਹੇ ਲਾਓ। ਤੁਹਾਡੇ ਦੋਸਤ ਯਾਰ ਜਿਹੜੇ ਦਾੜ੍ਹੀਆਂ ਮੁੰਨਦੇ ਨੇ ਜਾਂ ਮਾਸ ਸ਼ਰਾਬ ਖਾਂਦੇ ਪੀਂਦੇ ਨੇ ਉਹਨਾਂ ਨੂੰ ਹਟਾ ਕੇ ਭਜਨ ਪੁਛਾ ਕੇ ਅੰਮ੍ਰਿਤ ਛਕਾ ਕੇ, ਸਤਿਗੁਰੂ ਰਾਮ ਸਿੰਘ ਜੀ ਦਾ ਬਾਣਾ ਪਾਉਣ ਵੱਲ ਲਾਓ। ਤੁਸੀਂ ਦ÷ਸੋ ਆ ਕੇ ਪ੍ਰਬੰਧਕਾਂ ਨੂੰ ਕਿ ਤੁਸਾਂ ਕਿੰਨਿਆਂ ਨੂੰ ਅੰਮ੍ਰਿਤ ਛਕਾਇਆ ਏ ? ਤੁਸਾਂ ਜਦੋਂ ਇਕ ਘੰਟਾ ਨਾਮ ਸਿਮਰਨ ਕਰਨੈ, ਆਪਣੇ ਮਨ ਵਿਚੋਂ ਹਰ ਕਿਸੇ ਬਾਰੇ ਦੁਸ਼ਮਨੀ ਸਾਰੀ ਬਾਹਰ ਕੱਢ ਕੇ ਕਰੋ। ਕੋਸ਼ਿਸ਼ ਕਰੋ ਉਹ ਇਕ ਘੰਟਾ ਨਾਮ ਸਿਮਰਨ ਨਿਰਮਲ ਮਨ ਨਾਲ, ਸ਼ਾਂਤ ਚਿਤ ਹੋ ਕੇ ਹੋਵੇ। ਨਾਮ ਸਿਮਰਨ ਕਰਨ ਵੇਲੇ ਨਾਮ ਦੇ ਪੂਰੇ ਪੂਰੇ ਅੱਖਰ ਤੇ ਲਗਾਂ ਮਾਤ੍ਰਾਂ ਸਹੀ ਲੱਗਣ ਤੇ ਉਹਨੂੰ ਏਨੇ ਪਿਆਰ ਨਾਲ ਉਚਾਰਿਆ ਜਾਏ, ਜਿਵੇਂ ਤੁਸੀਂ ਆਪਣੇ ਪਿਓ ਜਾਂ ਭਰਾ ਪੁਤਰ ਜਾਂ ਬਹੁਤ ਪਿਆਰੇ ਨਾਲ ਬਹੁਤ ਪਿਆਰ ਨਾਲ ਗੱਲ ਕਰਦੇ ਓ, ਉਸ ਤਰ੍ਹਾਂ ਨਾਮ ਨਾਲ ਪਿਆਰ ਕੀਤਾ ਜਾਵੇ। **ਸਤਿਗੁਰ ਸੇਵ ਪਿਆਰੁ।।**

ਸਤਿਗੁਰੂ ਕਿਰਪਾ ਕਰਨ ਸਤ, ਸੰਤੋਖ, ਦਇਆ, ਧਰਮ ਸਾਡੇ ਅੰਦਰ ਆਵੇ, ਕਾਮ ਕਰੋਧ, ਲੋਭ, ਮੋਹ ਸਭ ਸਾਡੇ ਅੰਦਰੋਂ ਨਿਕਲ ਜਾਏ। ਇਹ ਅਰਦਾਸ ਕਰਿਆ ਕਰੋ:

**ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ।**
**ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ-ਬਲਾਵਹੁ।।**

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਬਾਣੀ ਅਤੇ ਨਾਮ ਨਾਲ ਜੁੜੇ ਰਹੋ



ਗੁਰਬਾਣੀ ਬੜੀ ਉੱਚੀ ਏ ਕਿਉਂਕਿ ਜਿਸ ਅਵਸਥਾ ਤੇ ਉਹਨਾਂ ਨੇ ਪਹੁੰਚ ਕੇ ਕਿਰਪਾ ਕੀਤੀ ਏ, ਉਹ ਅਵਸਥਾ ਬੜੀ ਉਚੀ ਸੀ ਜਦੋਂ ਅਸੀਂ ਉਧਰ ਨੂੰ ਤੁਰਦੇ ਹਾਂ ਤੇ ਸਾਨੂੰ ਥੋੜ੍ਹੀ ਥੋੜ੍ਹੀ ਸਮੱਝ ਆਉਂਦੀ ਏ, ਮੇਰੀ ਇਹ ਬੇਨਤੀ ਏ ਕਿ ਆਪਾਂ ਉਸ ਪਾਸੇ ਨੂੰ ਜ਼ਰੂਰ ਤੁਰੀਏ ਕਿਉਂਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਸਿੱਖ ਅਖਵਾਉਂਦੇ ਹਾਂ। ਸਾਡੇ ਵਿਚੋਂ ਉਹ ਖੁਸ਼ਬੋ ਜ਼ਰੂਰ ਆਵੇ ਅਸੀਂ ਜਿਥੇ ਜਾਈਏ, ਅਸੀਂ ਕਿਸੇ ਨੂੰ ਮਿਲੀਏ ਉਹਨੂੰ ਪਤਾ ਲਗੇ ਕਿ ਇਹ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਦੇ ਸਿੰਘ ਨੇ।

ਮੈਂ ਇਹ ਬੇਨਤੀ ਦੁਹਰਾਣਾ ਚਾਵਾਂਗਾ ਜੋ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਦੱਸਿਆ ਹੈ ਕਿ ਹਰ ਕੋਈ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰੇ, ਉਹ ਨਾਮ ਸਿਮਰਨ ਅਸੀਂ ਇਹਨੇ ਪਿਆਰ ਨਾਲ ਕਰੀਏ, ਇਕ ਉਪਦੇਸ਼ ਵਿਚ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਹੈ - ਜਦੋਂ ਤੁਸੀਂ ਨਾਮ ਲੈਂਦੇ ਹੋ ਉਹ ਕੋਸ਼ਿਸ਼ ਕਰੋ ਕਿ ਨਾਮ ਦਾ ਉਚਾਰਣ ਸ਼ੁਧ ਹੋਵੇ ਤੇ ਇਹਨੇ ਪਿਆਰ ਨਾਲ ਲਵੋ ਕਿ ਜਿਹੜੀ ਤੁਹਾਡੀ ਸਭ ਤੋਂ ਪਿਆਰੀ ਵਸਤੂ ਏ ਜਿਸ ਤਰ੍ਹਾਂ ਤੁਸੀਂ ਉਹਦਾ ਨਾਮ ਲੈਂਦੇ ਹੋ। ਜਦੋਂ ਆਪਾਂ ਬੜੇ ਪਿਆਰ ਨਾਲ ਨਾਮ ਲੈਂਦੇ ਹਾਂ ਤਾਂ ਆਪਾਂ ਆਪੇ ਹੀ ਉਹਦੇ ਵਿਚ ਸਮਾ ਜਾਂਦੇ ਹਾਂ। ਤਾਂ ਆਪਣਾ ਧਿਆਨ ਆਸੇ ਪਾਸੇ ਨਹੀਂ ਜਾਂਦਾ।

ਆਪਾਂ ਇਹ ਕੋਸ਼ਿਸ਼ ਕਰੀਏ ਕਿ ਜਿਨ੍ਹਾਂ ਜਿਨ੍ਹਾਂ ਵੀ ਹੋ ਸਕਦਾ ਹੈ ਹੁਕਮ ਮੰਨੀਏ, ਇਕ ਘੰਟਾ ਨਾਮ ਸਿਮਰਨ ਹਰ ਸਿੱਖ, ਇਥੇ ਨਾਮਧਾਰੀ ਵੀ ਨੇ ਅਤੇ ਹੋਰ ਲੋਕ ਵੀ ਨੇ ਜਿਨ੍ਹਾਂ ਨੇ ਕਿਤੋਂ ਵੀ ਨਾਮ ਲਿਆ ਹੈ ਉਹ ਇਹ ਕੋਸ਼ਿਸ਼ ਕਰਨ ਕਿ ਇਕ ਘੰਟਾ ਨਾਮ ਸਿਮਰਨ ਹੋਵੇ ਹੀ ਹੋਵੇ।

ਦੂਸਰਾ ਮੈਂ ਹੁਕਮ ਸੱਚੇ ਪਾਤਸ਼ਾਹ ਦਾ ਯਾਦ ਕਰਾਉਣਾ ਚਾਹਵਾਂਗਾ ਕਿ ਸਵੇਰ (ਅੰਮ੍ਰਿਤ ਵੇਲੇ) ਉਠਣ ਦਾ। ਅੰਮ੍ਰਿਤ ਵੇਲੇ ਉਠਣ ਦਾ ਸਾਨੂੰ ਇਹ ਦ੍ਰਿੜਾਇਆ ਗਿਆ ਕਿ ਸੂਰਜ ਚੜ੍ਹਨ ਤੋਂ ਪਹਿਲਾਂ, ਇਸ਼ਨਾਨ ਕਰਕੇ, ਨਾਮ ਸਿਮਰਨ ਕਰਕੇ ਤੁਸੀਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰ ਕੇ ਜਾਂਦੇ ਹੋ ਤੇ ਸੱਚੇ ਪਾਤਸ਼ਾਹ ਕਿਰਪਾ ਕਰਦੇ ਨੇ ਤੁਹਾਡੇ ਕੰਮਾਂ ਕਾਰਾਂ ਵਿਚ ਵੀ ਵਾਧਾ ਹੁੰਦਾ ਤੇ ਤੁਸੀਂ ਸੁਖੀ ਵੀ ਰਹਿੰਦੇ ਹੋ। ਇਹ ਸੁਖ, ਇਹ ਜਿਹੜੀ ਮਾਇਆ ਦੀ ਦੌੜ ਏ, ਜਿਹੜੀ ਅਸੀਂ ਲਿਖਾ ਕੇ ਆਏ ਹਾਂ, ਉਹ ਆਪਣੇ ਥਾਂ ਤਾਂ ਚਲਦੀ ਰਹਿੰਦੀ ਏ ਤੇ ਜੇ ਆਪਾਂ ਸੁਖ ਲੈਣਾ ਹੈ ਉਹ ਹੁਕਮ ਮੰਨ ਕੇ ਹੈ।

ਇਕ ਮੈਂ ਹੋਰ ਅਰਜ਼ ਬੇਨਤੀ ਕਰਨੀ ਚਾਵਾਂਗਾ ਇਥੇ ਰਹਿੰਦਿਆਂ ਹੋਇਆਂ ਇਹ ਕੋਸ਼ਿਸ਼ ਕਰੋ ਕਿ ਬੱਚਿਆਂ ਨੂੰ ਜਿਹੜੇ ਬੱਚੇ ਇਥੇ ਦੇ ਜੰਮੇ ਪਲੇ ਨੇ ਉਹਨਾਂ ਨੂੰ ਜ਼ਰੂਰ ਥੋੜੀ ਥੋੜੀ ਪੰਜਾਬੀ ਆਉਂਦੀ ਹੋਵੇ ਤਾਂਕਿ ਉਹ ਬੱਚੇ ਗੁਰਬਾਣੀ ਪੜ ਸਕਣ, ਗੁਰਬਾਣੀ ਸਮਝ ਸਕਣ ਤਾਂ ਸਾਡਾ ਇਹ ਰਿਸ਼ਤਾ ਇਸ ਤਰ੍ਹਾਂ ਹੀ ਬਣਿਆ ਰਹੇ। ਗੁਰੂ ਨਾਨਕ ਦੇਵ ਜੀ ਦੀ ਇਹ ਸਿਖੀ ਇਸ ਤਰ੍ਹਾਂ ਹੀ ਵਧਦੀ ਫੁਲਦੀ ਰਹੇ ਤੇ ਉਹਦੀ ਖੁਸ਼ਬੂ ਸਾਡੇ ਵਿਚ ਤੇ ਦੂਜਿਆਂ ਵਿਚ ਸਮਾਉਂਦੀ ਰਹੇ। ਤੇ ਇਕ ਵਾਰੀ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

# ਨਾਮਧਾਰੀ ਸ਼ਹੀਦਾਂ ਦੇ ਨਾਵਾਂ ਤੇ ਵੱਖ ਵੱਖ ਅਦਾਰਿਆਂ ਦੇ ਨਾਮ ਰੱਖਣ ਦੀਆਂ ਸਿਫਾਰਸ਼ਾਂ

ਪੰਜਾਬ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋਂ 33 ਪਿੰਡਾਂ ਦੀਆਂ ਸਰਕਾਰੀ ਡਿਸਪੈਂਸਰੀਆਂ/ਸਰਕਾਰੀ ਹਸਪਤਾਲਾਂ ਦੇ ਨਾਮ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਪੱਤਰ ਨੰਬਰ 12 ਮਿਤੀ 02.04.2013 (ਕਾਪੀ ਨੱਥੀ) ਰਾਹੀਂ ਸੜਕ ਦੇ ਨਾਂ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰੱਖੇ ਗਏ ਹਨ ਅਤੇ ਬਾਕੀ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਉਹਨਾਂ ਦੇ ਜੱਦੀ ਪਿੰਡਾਂ ਦੀਆਂ ਸੜਕਾਂ ਦੇ ਨਾਮ ਰੱਖਣ ਲਈ ਸਰਕਾਰ ਵਲੋਂ ਕਾਰਵਾਈ ਚੱਲ ਰਹੀ ਹੈ ਤੇ ਪੱਤਰ ਨੰਬਰ 12/16-11 ਸੈ. ਸਿ(3) ਮਿਤੀ 02.02.2015 (ਕਾਪੀ ਨੱਥੀ) ਰਾਹੀਂ 4 ਸਕੂਲਾਂ ਦੇ ਨਾਂ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰਖੇ ਜਾ ਚੁੱਕੇ ਹਨ ਅਤੇ ਬਾਕੀ ਸ਼ਹੀਦਾਂ ਦੇ ਨਾਵਾਂ ਤੇ ਸਰਕਾਰੀ ਸਕੂਲਾਂ ਦੇ ਨਾਮ ਰੱਖਣ ਲਈ ਕਾਰਵਾਈ ਚਲ ਰਹੀ ਹੈ।

1. ਜਿਹੜੇ 33 ਪਿੰਡਾਂ ਦੀਆਂ ਸਰਕਾਰੀ ਡਿਸਪੈਂਸਰੀਆਂ/ਹਸਪਤਾਲਾਂ, 3 ਸੜਕਾਂ ਅਤੇ 4 ਸਕੂਲਾਂ ਦੇ ਨਾਂ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ, ਉਹਨਾਂ ਪਿੰਡਾਂ ਨਾਲ ਸੰਬਧਿਤ ਨਾਮਧਾਰੀ ਸੂਬੇ/ ਪ੍ਰਧਾਨ ਸਾਹਿਬਾਨ, ਪੰਚ-ਸਰਪੰਚ ਅਤੇ ਪਿੰਡਾਂ ਦੇ ਮੁਹਤਬਰ ਸੱਜਣ ਪਤਾ ਕਰਕੇ ਦੱਸਣ ਦੀ ਖੇਚਲ ਕਰਨ ਕਿ ਉਹਨਾਂ ਦੇ ਪਿੰਡਾਂ ਵਿਚ ਮੌਜੂਦ ਡਿਸਪੈਂਸਰੀਆਂ, ਸਰਕਾਰੀ ਸਕੂਲਾਂ ਅਤੇ ਸੜਕਾਂ ਦੇ ਨਾਂ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰੱਖੇ ਗਏ ਹਨ ਕਿ ਨਹੀਂ। ਜੇਕਰ ਨਾਮ ਰੱਖਿਆ ਜਾ ਚੁੱਕਿਆ ਹੈ ਤਾਂ ਵੀ ਸੂਚਿਤ ਕੀਤਾ ਜਾਵੇ ਅਤੇ ਜੇਕਰ ਨਾਮ ਨਹੀਂ ਰਖਿਆ ਗਿਆ ਤਾਂ ਵੀ ਸੂਚਿਤ ਕੀਤਾ ਜਾਵੇ।

2.ਜੇਕਰ ਕਿਸੇ ਨਾਮਧਾਰੀ ਸ਼ਹੀਦਾਂ ਦੇ ਪਿੰਡਾਂ ਵਿਚ ਸਰਕਾਰੀ ਡਿਸਪੈਂਸਰੀਆਂ/ਹਸਪਤਾਲ, ਸਕੂਲ ਅਤੇ ਸੜਕਾਂ ਦਾ ਅਜੇ ਤਕ ਨਾਮ ਨਹੀਂ ਰਖਿਆ ਗਿਆ ਤਾਂ ਇਸ ਹਸਪਤਾਲ/ਡਿਸਪੈਂਸਰੀ, ਸੜਕਾਂ ਅਤੇ ਸਰਕਾਰੀ ਸਕੂਲਾਂ ਦੇ ਨਾਂ ਸਬੰਧਤ ਪਿੰਡ ਦੇ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰਖਣ ਲਈ ਸਬੰਧਤ ਪਿੰਡ ਦੀ ਪੰਚਾਇਤ ਵਲੋਂ ਮਤਾ ਪਵਾ ਕੇ ਸੰਬਧਤ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਲਿਖਕੇ ਭੇਜਿਆ ਜਾਵੇ ਅਤੇ ਇਸਦਾ ਇਕ ਉਤਾਰਾ ਕੂਕਾ ਨਾਮਧਾਰੀ ਯਾਦਗਾਰੀ ਟ੍ਰਸਟ ਦੇ ਦਫਤਰ ਵਿਚ ਭੇਜਿਆ ਜਾਵੇ ਤਾਂਕਿ ਪੈਰਵਾਈ ਕਰਕੇ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਇਹਨਾ ਦੇ ਨਾਂ ਰਖੇ ਜਾ ਸਕਣ।

### 3 ਸੜਕਾਂ ਜਿਨਾਂ ਦੇ ਨਾਮ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰਖੇ ਜਾ ਚੁਕੇ ਹਨ

| ਲੜੀ ਨੰ. | ਮੌਜੂਦਾ ਸੜ੍ਹਕ ਦਾ ਪਹਿਲਾਂ ਨਾਮ | ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰੱਖਿਆ ਸੜ੍ਹਕ ਦਾ ਨਾਮ |
|---|---|---|
| 1. | ਖੰਨਾ ਮਲੇਰਕੋਟਲਾ ਰੋਡ | ਨਾਮਧਾਰੀ ਸ਼ਹੀਦੀ ਮਾਰਗ |
| 2. | ਕੱਦੋਂ ਪਾਇਲ ਰੋਡ ਤੋਂ ਬਰਮਾਲੀਪੁਰ | ਸ਼ਹੀਦ ਰੂੜ੍ਹ ਸਿੰਘ ਨਾਮਧਾਰੀ ਮਾਰਗ |
| 3. | ਕੱਦੋਂ ਤੋਂ ਬਿਸਨਪੁਰਾ | ਸ਼ਹੀਦ ਰੂੜ੍ਹ ਸਿੰਘ ਨਾਮਧਾਰੀ ਮਾਰਗ |

### 4 ਸਕੂਲਾਂ ਜਿਨਾਂ ਦੇ ਨਾਮ ਨਾਮਧਾਰੀ ਸ਼ਹੀਦਾਂ ਦੇ ਨਾਮ ਤੇ ਰਖੇ ਜਾ ਚੁੱਕੇ ਹਨ

| ਲੜੀ ਨੰ. | ਸਕੂਲ ਦਾ ਨਾਂ | ਸ਼ਹੀਦ ਦਾ ਨਾਂ |
|---|---|---|
| 1. | ਸਰਕਾਰੀ ਹਾਈ ਸਕੂਲ ਨਾਈਵਾਲਾ (ਬਰਨਾਲਾ) | ਨਾਮਧਾਰੀ ਸ਼ਹੀਦ ਬਾਬਾ ਰਤਨ ਸਿੰਘ |
| 2. | ਸਰਕਾਰੀ ਮਿਡਲ ਸਕੂਲ ਜਵੰਧਾ ਪਿੰਡ ਧਨੌਲਾ (ਬਰਨਾਲਾ) | ਨਾਮਧਾਰੀ ਸ਼ਹੀਦ ਕਰਤਾਰ ਸਿੰਘ |
| 3. | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ (ਬਰਨਾਲਾ) | ਨਾਮਧਾਰੀ ਸ਼ਹੀਦ ਵਰਿਆਮ ਸਿੰਘ |
| 4. | ਸਰਕਾਰੀ ਹਾਈ ਸਕੂਲ ਗੁੰਮਟੀ (ਬਰਨਾਲਾ) | ਨਾਮਧਾਰੀ ਸ਼ਹੀਦ ਬਾਬਾ ਚਤਰ ਸਿੰਘ |

### 33 ਪਿੰਡਾਂ ਦੀ ਲਿਸਟ

| ਲੜੀ ਨੰ. | ਸ਼ਹੀਦ ਦਾ ਨਾਮ | ਬਲਾਕ/ਤਹਿਸੀਲ | ਪਿੰਡ | ਸੰਸਥਾ | ਵਿਸ਼ੇਸ਼ ਕਥਨ |
|---|---|---|---|---|---|
| ਜ਼ਿਲਾ ਸੰਗਰੂਰ ਦੇ ਨਾਮਧਾਰੀ ਸ਼ਹੀਦ | | | | | |
| 1 | ਸ਼ਹੀਦ ਹੀਰਾ ਸਿੰਘ, ਸ਼ਹੀਦ ਲਹਿਣਾ ਸਿੰਘ ਸ਼ਹੀਦ ਅਨੂਪ ਸਿੰਘ ਅਤੇ ਸ਼ਹੀਦ ਮਿੱਤ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਭਵਾਨੀਗੜ੍ਹ/ਸੰਗਰੂਰ | ਸਕਰੌਦੀ | ਸਬ-ਸੈਂਟਰ | ਸਬ-ਸੈਂਟਰ ਸਕਰੌਦੀ ਦਾ ਨਾਮ ਸ਼ਹੀਦ ਹੀਰਾ ਸਿੰਘ ਦੇ ਨਾਮ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 2. | ਸ਼ਹੀਦ ਬਿਸ਼ਨ ਸਿੰਘ, ਸੱਦਾ ਸਿੰਘ, ਹਰਨਾਮ ਸਿੰਘ, ਨਰਾਇਣ ਸਿੰਘ, ਹੀਰਾ ਸਿੰਘ, ਗੁਰਦਿੱਤ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਫਤਹਿਗੜ੍ਹ ਪੰਜ ਗਰਾਈਆਂ | ਰੂੜਗੜ੍ਹ | ਐਸ. ਐਚ. ਸੀ | ਐਚ. ਐਸ. ਸੀ. ਰੂੜ੍ਹ ਗੜ੍ਹ ਦਾ ਨਾਮ ਸ਼ਹੀਦ ਬਿਸ਼ਨ ਸਿੰਘ ਦੇ ਨਾਮ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 3 | ਸ਼ਹੀਦ ਹਰਨਾਮ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਸ਼ੇਰਪੁਰ/ਧੂਰੀ | ਘਨੌਰੀ | ਐਸ. ਐਚ. ਸੀ | ਐਚ. ਐਸ. ਸੀ. ਘਨੌਰੀ ਦਾ ਨਾਮ ਸ਼ਹੀਦ ਹਰਨਾਮ ਸਿੰਘ ਦੇ ਨਾਮ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 4. | ਸ਼ਹੀਦ ਨੰਬਰਦਾਰ ਗੁਰਮੁੱਖ ਸਿੰਘ ਤੇ ਭੂਪ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਸ਼ੇਰਪੁਰ/ਧੂਰੀ | ਫਰਵਾਹੀ | ਸਬ-ਸੈਂਟਰ | ਸਬ-ਸੈਂਟਰ ਫਰਵਾਹੀ ਦਾ ਨਾਮ ਸ਼ਹੀਦ ਨੰਬਰਦਾਰ ਗੁਰਮੁੱਖ ਸਿੰਘ ਦੇ ਨਾਮ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 5. | ਸ਼ਹੀਦ ਪ੍ਰੇਮ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਲੌਂਗੋਵਾਲ | ਗਗੜਪੁਰ | ਮਿੰਨੀ ਪੀ. ਐਚ. ਸੀ. | ਮਿੰਨੀ ਪੀ. ਐਚ. ਸੀ. ਗਗੜਪੁਰ ਦਾ ਨਾਮ ਸ਼ਹੀਦ ਪ੍ਰੇਮ ਸਿੰਘ ਦੇ ਨਾਮ ਤੇ ਰਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 6. | ਸ਼ਹੀਦ ਕਾਹਨ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਲਹਿਰਾਗਾਗਾ/ਲਹਿਰਾ | ਲਹਿਰਾ | ਸੀ. ਐਚ. ਸੀ. | ਸੀ. ਐਚ. ਸੀ ਲਹਿਰਾ ਦਾ ਨਾਮ ਸ਼ਹੀਦ ਕਾਹਨ ਸਿੰਘ ਦੇ ਨਾਮ ਤੇ। |
| 7. | ਸ਼ਹੀਦ ਭਗਤ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਧੂਰੀ/ਸ਼ੇਰਪੁਰ | ਕਾਂਝਲਾ | ਮਿੰਨੀ ਪੀ. ਐਚ. ਸੀ | ਮਿੰਨੀ ਪੀ. ਐਚ. ਸੀ. ਕਾਂਝਲਾ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਰਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 8. | ਸ਼ਹੀਦ ਅਲਬੇਲ ਸਿੰਘ, ਚੜ੍ਹਤ ਸਿੰਘ, ਜਵਾਹਰ ਸਿੰਘ ਚੜ੍ਹਤ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਸੰਗਰੂਰ/ਲੌਂਗੋਵਾਲ | ਬਾਲੀਆਂ | ਐਸ. ਐਚ. ਸੀ. | ਐਸ. ਐਚ. ਸੀ. ਬਾਲੀਆਂ ਦਾ ਨਾਮ ਸ਼ਹੀਦ ਅਲਬੇਲ ਸਿੰਘ ਦੇ ਨਾਂ ਤੇ। |
| ਜ਼ਿਲਾ ਅੰਮ੍ਰਿਤਸਰ | | | | | |
| 9. | ਸ਼ਹੀਦ ਲਹਿਣਾ ਸਿੰਘ ਪੰਨਵ, ਸ਼ਹੀਦ ਫਤਹਿ ਸਿੰਘ (ਅੰਮ੍ਰਿਤਸਰ ਸਾਕੇ ਦੇ ਸ਼ਹੀਦ) ਸ਼ਹੀਦ ਲਹਿਣਾ ਸਿੰਘ ਸਿਪਾਹੀ ਲਾਲ ਸਿੰਘ (ਅੰਮ੍ਰਿਤਸਰ ਸਾਕੇ ਵਿਚ ਕਾਲੇ ਪਾਣੀ ਦੀ ਕੈਦ ਕੱਟ ਸ਼ਹੀਦ ਹੋਏ) | ਅੰਮ੍ਰਿਤਸਰ | ਅੰਮ੍ਰਿਤਸਰ | ਐਸ. ਏ. ਡੀ. ਕੋਟ ਖਾਲਸਾ | ਐਸ. ਏ. ਡੀ. ਕੋਟ ਖਾਲਸਾ ਦਾ ਨਾਮ ਸ਼ਹੀਦ ਸਿਪਾਹੀ ਲਾਲ ਸਿੰਘ ਦੇ ਨਾਮ ਤੇ ਰੱਖਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। |
| ਜ਼ਿਲਾ ਤਰਨਤਾਰਨ | | | | | |
| 10. | ਸ਼ਹੀਦ ਬਹਿਲਾ ਸਿੰਘ ਸੰਧੂ (ਅੰਮ੍ਰਿਤਸਰ ਸਾਕੇ ਦੇ ਸ਼ਹੀਦ) | ਭਿੱਖੀਵਿੰਡ/ਪੱਟੀ | ਨਾਰਲੀ | ਸਬਸਿਡਰੀ ਹੈਲਥ ਸੈਂਟਰ | ਸਬਸਿਡਰੀ ਹੈਲਥ ਸੈਂਟਰ ਨਾਰਲੀ ਦਾ ਨਾਮ ਸ਼ਹੀਦ ਬਹਿਲਾ ਸਿੰਘ ਸੰਧੂ ਦੇ ਨਾਮ ਤੇ ਰੱਖਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। |
| 11. | ਸ਼ਹੀਦ ਹਾਕਮ ਸਿੰਘ ਢਿੱਲੋਂ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਤਰਨਤਾਰਨ/ਤਰਨਤਾਰਨ | ਝਬਾਲ | ਪੀ. ਐਚ. ਸੀ. | ਪੀ. ਐਚ. ਸੀ. ਝਬਾਲ ਦਾ ਨਾਮ ਸ਼ਹੀਦ ਹਾਕਮ ਸਿੰਘ ਢਿਲੋਂ ਦੇ ਨਾਮ ਤੇ |
| | | | | | |
| 12. | ਸ਼ਹੀਦ ਕਾਹਨ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਲੁਧਿਆਣਾ/ਲੁਧਿਆਣਾ | ਸੰਗੋਵਾਲ | ਡਿਸਪੈਂਸਰੀ (ਜ਼ਿਲ੍ਹਾ ਪਰਿਸ਼ਦ ਅਧੀਨ | ਸਿਹਤ ਸੰਸਥਾ ਦਾ ਨਾਮ ਸ਼ਹੀਦ ਕਾਹਨ ਸਿੰਘ ਦੇ ਨਾਮ ਤੇ। |
| 13. | ਸ਼ਹੀਦ ਗੁਰਮੁੱਖ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਪੱਖੋਵਾਲ/ਲੁਧਿਆਣਾ | ਲਤਾਲਾ | ਮਿੰਨੀ ਪੀ. ਐਚ. ਸੀ | ਮਿੰਨੀ ਪੀ. ਐਚ. ਸੀ. ਲਤਾਲਾ ਦਾ ਨਾਮ ਸ਼ਹੀਦ ਗੁਰਮੁੱਖ ਦੇ ਨਾਮ ਤੇ। |
| 14. | ਸ਼ਹੀਦ ਰੂੜ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਦੋਰਾਹਾ/ਮਾਨੂੰਪੁਰ | ਬਿਸ਼ਨਪੁਰਾ | ਸਬ-ਸੈਂਟਰ | ਸਬ-ਸੈਂਟਰ ਬਿਸ਼ਨਪੁਰਾ ਦਾ ਨਾਮ ਸ਼ਹੀਦ ਰੂੜ ਸਿੰਘ ਦੇ ਨਾਮ ਤੇ। |
| 15. | ਸੂਬਾ ਲੱਖਾ ਸਿੰਘ, ਸੂਬਾ ਪਹਾੜਾ ਸਿੰਘ (ਕੂਕਾ ਅੰਦੋਲਨ ਦੇ ਕੈਦ ਕੱਟਦਿਆਂ ਸ਼ਹੀਦ ਹੋਣ ਵਾਲੇ ਸੂਬੇ ਸਾਹਿਬਾਨ | ਮਲੌਦ (ਸਬ ਤਹਿਸੀਲ ਹੈ) | ਮਲੌਦ | ਸੀ. ਐਚ. ਸੀ. | ਸੀ. ਐਚ. ਸੀ. ਮਲੌਦ ਦਾ ਨਾਮ ਸ਼ਹੀਦ ਲੱਖਾ ਸਿੰਘ ਦੇ ਨਾਮ ਤੇ। |
| 16. | ਸ਼ਹੀਦ ਧੌਂਕਲ ਸਿੰਘ (ਕਾਲੇ ਪਾਣੀ ਦੀ ਕੈਦ ਕੱਟਦਿਆਂ ਸ਼ਹੀਦ ਹੋਏ) | ਡੇਹਲੋਂ/ਮਲੌਦ | ਕਿਲਾ ਰਾਏਪੁਰ | ਸਬ-ਸੈਂਟਰ | ਸਬ-ਸੈਂਟਰ ਕਿਲਾ ਰਾਏਪੁਰ ਦਾ ਨਾਮ ਸ਼ਹੀਦ ਧਕੌਂਲ ਸਿੰਘ ਦੇ ਨਾਮ ਤੇ। |
| 17. | ਸ਼ਹੀਦ ਉਤਮ ਸਿੰਘ, ਚੜ੍ਹਤ ਸਿੰਘ, (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਡੇਹਲੋਂ/ਮਲੌਦ | ਰੁੜਕਾ | ਸਬ-ਸੈਂਟਰ | ਸਬ-ਸੈਂਟਰ ਰੁੜਕਾ ਦਾ ਨਾਮ ਸ਼ਹੀਦ ਉਤਮ ਸਿੰਘ ਦੇ ਨਾਮ ਤੇ। |
| ਜ਼ਿਲਾ ਫਤਹਿਗੜ੍ਹ ਸਾਹਿਬ | | | | | |
| 18. | ਸ਼ਹੀਦ ਸੋਭਾ ਸਿੰਘ, ਜੈ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਅਮਲੋਹ/ਅਮਲੋਹ | ਭੱਦਲਥੂਹਾ | ਸਬ-ਸੈਂਟਰ | ਸਬ ਸੈਂਟਰ ਭੱਦਲਥੂਹਾ ਦਾ ਨਾਮ ਸ਼ਹੀਦ ਸੋਭਾ ਸਿੰਘ ਦੇ ਨਾਮ ਤੇ। |
| 19. | ਸ਼ਹੀਦ ਅਤਰ ਸਿੰਘ, ਸ਼ਹੀਦ ਜਵਾਹਰ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਅਮਲੋਹ/ਅਮਲੋਹ | ਮਛਰਾਏ ਕਲਾਂ | ਸਬ-ਸੈਂਟਰ | ਸਬ-ਸੈਂਟਰ ਮਛਰਾਏ ਕਲਾਂ ਦਾ ਨਾਮ ਸ਼ਹੀਦ ਅਤਰ ਸਿੰਘ ਦੇ ਨਾਮ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |

(ਬਾਕੀ ਸਫਾ 6 'ਤੇ)

# THE US (NEW YORK) & CANADA (TORONTO) DAURA 2016 OF HIS HOLINESS SRI SATGURU UDAY SINGH JI

**New York Daura**

The Sangat of Canada and U.S. eagerly awaited to seek the darshan of his Holiness Sri Satguru Uday Singh Ji. Following a two year wait His Holiness arrived in New York on the evening of, 14th of July for a five day Daura.

Many of the Sangat had travelled by road and air from all around Canada and U.S. to converge in New York to seek Sri Satguru Uday Singh Ji's blessings.

As we arrived early at the Gurdwara in New York for the Asa Di Vaar; the Sangat was putting the final touches on the decorations for the program.

The program was held in permanent tent structure at the back of the Gurdwara and every attention of detail was done, from the kiosk for placing the shoes, to the padded flooring, the lights, the decorations, the audio and video recording systems and the air conditioning. It was most evident the U.S. Sangat had done its utmost to ensure each program was executed flawlessly.

The first morning was the most memorable as the Asa Di Vaar was performed by Raagi Harbans Singh Ghulla, Raagi Sher Singh, Sh. Balbir Singh and Rattan Singh so blissful was the morning kirtan that it was very easy to be focused on Naam Simran; but what was even more mesmerizing was when the announcement came for the arrival of His Holiness, your eyes became fixated on his Holiness and all other distractions seem to go away as silence engulfed the Gurdwara and then following the bow to the Sri Satguru Ji the Sangat became absorbed by the darshan of His Holiness.

This blissful and peacefully experience continued each day both morning and evening; as more and more Sangat poured in to seek the blessings of His Holiness and experience first hand what was being broadcast live via social media.

Sri Satguru Ji continued to bestow Kirpa by visiting numerous homes in and around New York, blessing families, children and giving hukum to follow Sikhi. Sri Satguru Ji also encouraged youth to be more active by going on a nature trail walks with the youth and doing open bachan. This experience for many was most satisfying and fulfilling as it created a physical closeness to His Holiness that many may have not felt earlier.

The New York Daura program highlight was on the Bi-centenary of Sri Satguru Ram Singh Ji. The Sanagt performed Shabads, Kavita's, a presentation and speeches on Sri Satguru Ram Singh Ji about reviving Sikhi and pioneering change by non-cooperation against the foreign British rulers. Esteemed philosophers Sant Nishan Singh, Sevak Harpal Singh and S. Swaran Singh Virk of the Namdhari Panth gave historical and religious accounts so we do not forget our religious and historical roots on Sri Satguru Ram Singh Ji.

The New York Daura came to a draw by hosting a program in Baltimore and a final Asa Di Vaar in New York before Sri Satguru Ji moved on to Toronto. But before Sri Satguru Ji did the final updesh was carried out and Sri Satguru Ji's message was of Khushian to all Sevadaars of the New York Sangat and to small children who came out to perform Naam Simran each day during the Asa Di Vaar. Sri Satguru Ji encouraged the Sangat to come to Naam Simran on time and refrain from using cell phones and taking photos during this time and to build upon the 1 day gathering of Naam Simran to 2 days and then 3 days and so on.

**Toronto Daura of His Holiness Satguru Uday Singh Ji**

As Sri Satguru Ji was travelling by air from New York the Namdhari Sangat of Toronto worked tirelessly to complete the preparation for His Holinesses arrival. Sri Satguru Ji arrived late in the evening on the 19th of July for a Six day Daura.

The program was being held in a tent on the outskirts of Brampton Ontario on an acreage property given the large Sadh Sangat. Every attention to detail was being taken into account from parking, to general amenities, to decorations, video and audio systems. The event was also being aired live via the Sri Bhaini Sahib web-site.

The most significant part of the Daura was that the events were organized, managed and executed by the youth of the community and what was most pleasing was a rotational system that was deployed where by youth who were leading the last Daura were now humbly taking a step back and new members were given an opportunity to come forward.

During the morning Asa Di Vaar's and evening programs beautiful kirtan was conducted by Raagi Balwant Singh and Raagi Harpreet Singh, Raagi Amrik Singh and Raagi Baldev Singh accompanied by youth Rattan Singh, Darshan Singh, Baghel Singh and Hakam Singh. The stage was set very similar to that of Sri Bhaini Sahib, and each day Sri Satguru Ji would enter through the rear of the tent as many hundreds of Sikhs would line up in the tent to take a bow.

Special programs were held in honor of Sri Satguru Ram Singh Ji, Sri Satguru JagJit Singh Ji and Sri Mata Chand Kaur and speakers Suba Gurdial Singh, Sevak Harpal Singh and S. Swaran Singh Virk, Dr. Wariam Singh Sandhu, and the Consulate General of India for Canada, gave insightful historical and religious accounts on Sri Satguru Ram Singh Ji along with a short documentary being played on Sri Satguru JagJit Singh Ji, whilst kavita's were given on Sri Mata Chand Kaur in their loving memory. Each speaker provided an account of how Sikhi and Seva through Sri Satguru Ji's teachings had transformed generations of Sikhs who now under the guidance of His Holiness Sri Satguru Uday Singh Ji are thriving.

The highlight of the Toronto Daura was the intimate time with Sri Satguru Ji spent with youth at Albion Hills Conservation Park as more than a hundred youth including children went on a nature trail walk followed by a volleyball session and then a group Qustion and Answer time with His Holiness. Many questions centered around how Namdhari Sikhs can express the teachings of the Namdhari Panth to those who are interested and Sri Satguru Ji identified jealousy as being a key source we most all work to diminish in our lives through the teachings of the Gurbani; and as Sri Satguru Ji gave there infinite wisdom, the youth were drawn in by His Holinesses words and a close bond was established on a beautiful hot summer day in this Ontario park.

As the Daura came to close Satguru Ji gave khushian to all for the Sevadaars and expressed Sangeet is a unifying factor for all humanity, and gurbani's teachings are for all. When we talk ill will of each other we are going away from sikhi and resonated the importance of Sikhi over all other things; these last words were very difficult for many as we knew His Holiness was leaving the Toronto Sanagat to travel to Vancouver.


Many Sikhs including myself were provided with a spiritual energy to continue to improve and to learn about Sikhi, through the teachings of Sri Satguru Ram Singh Ji, Satguru JagJit singh Ji and the Gurbani; and it is our hope that Satguru Uday Singh Ji continues to bless us with His Darshans again soon so we can always maintain this spiritual energy and our communities can continue to grow and thrive and move forward in this materialistic environment.

**Balbir Singh (Bobby)**

ਰੀਵਿਊ:

# 'ਸ੍ਰੀ ਸਤਿਗੁਰੂ ਰਾਮ ਸਿੰਘ ੨●● ਵਰ੍ਹਾ ਅੰਕ'

## ਪ੍ਰਕਾਸ਼ਕ : ਸਤਿਜੁਗ ਸਪਤਾਹਿਕ, ਰਮੇਸ਼ ਨਗਰ, ਨਵੀਂ ਦਿੱਲੀ । ਸਫੇ ੧੪● ਵਡਾ ਸਾਈਜ਼. ਰੀਵਿਊਕਾਰ : ਹਰਜਿੰਦਰ ਸਿੰਘ 'ਕੰਵਲ'




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਵਤਾਰ ਧਾਰਿਆਂ ੨●● ਵਰ੍ਹਾ ਹੋ ਗਿਆ ਹੈ । ਇਸ ਸਮੇਂ ਵਿਚ ਸਾਡੇ ਪਿਓ, ਦਾਦੇ ਵੀ ਚਲ ਬਸੇ । ਕਈ ਨਾਮਧਾਰੀਆਂ ਦੀਆਂ ਤਾਂ ਬਚੀਆਂ ਖੁਚੀਆਂ ਜ਼ਿੰਦਗੀਆਂ ਸਤਿਗੁਰੂ ਜੀ ਦੇ ੧੯੭੨ ਈ: ਵਿਚ ਪਰਦੇਸ ਗਵਨ ਤੋਂ ਬਾਅਦ, ਇਕ ਬ੍ਰਿਹੋਂ ਦੀ ਅਸਿਹ ਤੜਪ ਵਿਚ ਹੀ ਬਤੀਤ ਹੋ ਗਈਆਂ । ਜਿਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦੇ ਪਰਤੱਖ ਦਰਸ਼ਨ ਕੀਤੇ ਹੋਣਗੇ, ਉਹ ਤਾਂ ਨਹੀਂ ਰਹੇ, ਪਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਦੇ ਸਿੱਖਾਂ ਵਿਚ ਜੋ ਸਿੱਕ ਸਤਿਗੁਰੂ ਰਾਮ ਸਿੰਘ ਨੂੰ ਮਿਲਣ ਦੀ ਲੱਗੀ ਰਹੀ, ਉਹ ਸ਼ਾਇਦ ਹੁਣ ਦੇ ਸਿੱਖਾਂ ਵਿਚ ਉਹ ਝਲਕ ਕੁਝ ਘੱਟ ਹੀ ਨਜ਼ਰ ਆਉਂਦੀ ਹੈ । ਇਤਨਾ ਸਮਾਂ ਬਤੀਤ ਹੋਣ ਤੇ ਹਜ਼ੂਰ ਦੀ ਉਮਰ ਉਤੇ ਵੀ ਕਈਆਂ ਨੂੰ ਕਿੰਤੂ ਪ੍ਰੰਤੂ ਹੋ ਜਾਣਾ ਸੁਭਾਵਕ ਹੀ ਹੈ, ਪਰ ਜੋ ਆਪਣੇ ਮੌਜੂਦਾ ਸਤਿਗੁਰੂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਬਿਅੰਤ ਸਤਿਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਉਤੇ ਪੂਰਨ ਵਿਸ਼ਵਾਸ ਰੱਖਦੇ ਹਨ, ਉਹ ਜਾਣਦੇ ਹਨ ਕਿ ਸਤਿਗੁਰੂ ਜੀ ਦੇ 'ਵਾਪਸ ਆਉਣ ਦੇ ਬਚਨ' ਜ਼ਰੂਰ ਪੂਰਨ ਹੋਣਗੇ । ਉਨ੍ਹਾਂ ਦੀ ਉਮਰ ਬਾਰੇ ਸੌ ਸਾਖੀ ਵਿਚ ਅੰਕਿਤ ਹੈ, 'ਪੰਚ ਪਚਾਸ ਦੇਹ ਰਹਿ ਸੰਦਾ', ਜਾਣੀ ਕਿ 'ਸ੍ਰੀ ਸਤਿਗੁਰੂ ਜੀ ਦੀ ਦੁਨੀਆਵੀ ਉਮਰ ੨੫● ਵਰ੍ਹਾ ਹੈ', ਅਤੇ ਇਸ ਤੇ ਪੂਰਨ ਅਤੇ ਅਟੱਲ ਯਕੀਨ ਨਾਮਧਾਰੀ ਪੰਥ ਨੂੰ ਆਪਣੇ ਸਤਿਗੁਰੂ ਦੀ ਅਗੁਵਾਈ ਹੇਠ ਹਮੇਸ਼ਾਂ ਰਿਹਾ ਹੈ ਅਤੇ ਰਹੇਗਾ ।

ਸਮਾਂ ਬਹੁਤ ਹੀ ਬਲਵਾਨ ਹੁੰਦਾ ਹੈ ਅਤੇ ਉਹ ਆਪਣਾ ਸਮਾਂ ਆਪ ਹੀ ਨੀਅਤ ਕਰਦਾ ਹੈ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪ ਅਕਾਲ ਰੂਪ ਹਨ ਅਤੇ ਸਾਡੀ ਸੋਚ ਯਾ ਦਲੀਲ ਤੋਂ ਬਾਹਰ ਹਨ । ਉਨ੍ਹਾਂ ਦਾ ਵਾਪਸ ਆਗਮਨ ਕਦ ਅਤੇ ਕਿੰਵੇ ਹੋਵੇਗਾ-ਉਹੋ ਹੀ ਜਾਣਦੇ ਹਨ-ਪਰ ਇਕ ਗੱਲ ਜ਼ਰੂਰ ਹੈ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਪਵਿੱਤ੍ਰ ਪ੍ਰਵਚਨਾਂ ਅਨੁਸਾਰ-'ਜਿਨ੍ਹਾ ਦੇ ੯● ਬਚਨ ਪੂਰੇ ਹੋ ਗਏ ਹਨ, ਉਨ੍ਹਾਂ ਦੇ ਬਾਕੀ ੧● ਪੂਰਨ ਹੋਣ ਤੋਂ ਨਹੀਂ ਰਹਿ ਸਕਦੇ'। ਅੱਜ ਅਟੱਲ ਪ੍ਰਤਾਪੀ ਦੇ ਇਨ੍ਹਾਂ ਅਮਰ ਬਚਨਾਂ ਨੂੰ ਮਨ ਵਿਚ ਧਾਰਨ ਕਰਕੇ-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ੨●● ਸਾਲ ਉਮਰ ਨੂੰ ਸਮਰਪਿਤ ਇਹ ਵਿਸ਼ੇਸ਼ ਅੰਕ ਪੰਥ ਦੀ ਨਜ਼ਰ ਕੀਤਾ ਜਾ ਰਿਹਾ ਹੈ ।

ਕਹਾਵਤ ਹੈ ਕਿ 'ਘਰ ਦਾ ਭਾਗ ਡਿਓੜੀ ਤੋਂ ਪਤਾ ਲੱਗ ਜਾਂਦਾ ਹੈ'- ਇਸ ਅੰਕ ਦਾ ਆਗਾਜ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਹੁਤ ਹੀ ਪ੍ਰਭਾਵਸ਼ਾਲੀ ਚਿੱਤ੍ਰ ਤੋਂ ਆਰੰਭ ਹੁੰਦਾ ਹੈ ਅਤੇ ਅੰਤ ਉਸ ਚਿੱਤ੍ਰ ਤੇ ਹੁੰਦਾ ਹੈ ਜਿਥੇ ਸਤਿਗੁਰੂ ਰਾਮ ਸਿੰਘ ਜੀ ਆਪਣੀਆਂ ਰੌਂਦੀਆਂ, ਕੁਰਲਾਉਂਦੀਆਂ ਸੰਗਤਾਂ ਨੂੰ ਛੱਡ ਕੇ ਆਪਣੇ ਅਨੋਖੇ ਅਤੇ ਕਰੁਣਾਮਈ ਬਣਵਾਸ ਤੇ ਚਾਲੇ ਪਾ ਰਹੇ ਹਨ । ਸੰਗਤ ਦੀ ਇਹ ਬਿਹਬਲਤਾ ਦਾ ਨਜ਼ਾਰਾ, ਚਿਤ੍ਰਕਾਰ ਨੇ ਬਖ਼ੂਬੀ ਚਿਤ੍ਰਿਆ ਹੈ ਜਿਸ ਵਿਚ ਸੰਗਤ ਦੇ ਅੰਦਰੂਨੀ ਵਲਵਲੇ ਅਤੇ ਅਸਹਿ ਕਸ਼ਟ ਸਾਫ ਨਜ਼ਰ ਆਉਂਦੇ ਹਨ ਅਤੇ ਕੋਈ ਵੀ ਨਾਮਧਾਰੀ ਇਸ ਕਰੁਣਾਮਈ ਦ੍ਰਿਸ਼ ਨੂੰ ਵੇਖ ਕੇ ਆਪਣੇ ਹੰਝੂਆਂ ਦਾ ਹੜ ਨਹੀਂ ਰੋਕ ਸਕੇਗਾ ਅਤੇ ਖਾਸ ਕਰਕੇ ਜਿਨ੍ਹਾਂ ਆਪਣੇ ਸਤਿਗੁਰੂ ਦਾ ਵਿਛੋੜਾ ਆਪਣੇ ਅੰਗ ਅੰਗ ਵਿਚ ਜਜ਼ਬ ਕੀਤਾ ਹੋਇਆ ਹੈ । 'ਤੂੰ ਕਦ ਆਵੇਗਾਂ?', 'ਕਦ ਤੇਰੇ ਦਰਸ਼ਨ ਹੋਣਗੇ?' - ਇਹੋ ਜਹੇ ਅਨੇਕਾਂ ਸਵਾਲ ਸਾਡੇ ਜ਼ਹਿਨ ਵਿਚ ਅੱਜ ਵੀ ਸਮੋਏ ਹੋਏ ਨੇ ।

ਖੈਰ, ਆਈਏ ਹੁਣ ਅੰਕ ਦੇ ਵੱਲ, ਜਿਸਦੀ ਆਰੰਭਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਕ ਹੁਕਮਨਾਮੇ ਤੋਂ ਸ਼ੁਰੂ ਹੁੰਦੀ ਹੈ । ਪਹਿਲੇ ਸਫੇ ਸੁਸੱਜਿਤ ਹਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮੌਜੂਦਾ ਸਤਿਗੁਰੂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਰੂਹਾਨੀ ਪਰਵਚਨਾਂ ਅਤੇ ਉਪਦੇਸ਼ਾਂ ਨਾਲ ਜੋ ਇਕ ਸਿੱਖ ਦੀ ਆਤਮਿਕ ਅਵੱਸਥਾ ਨੂੰ ਟੁੰਬਦੀ ਹੈ ।

ਆਰੰਭਕ ਲੇਖ ਹੈ 'ਧਾਰਮਿਕ ਅਤੇ ਰਾਜਨੀਤਕ ਵਿਚਾਰਾਂ ਦਾ ਵਿਕਾਸ' ਜੋ ਮਾਨਯੋਗ ਸ੍ਰੀ ਹੰਸਪਾਲ ਜੀ ਦਾ ਕਲਮਬੰਦ ਕੀਤਾ ਹੋਇਆ, ਜਿਸਦਾ ਮੂਲ ਮੰਤਵ ਉਸਦੇ ਸਿਰਲੇਖ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ, ਪਰ 'ਪੰਜਾਬੀਅਤ' ਲਈ ਗੁਰੁ ਰਾਮ ਸਿੰਘ ਦਾ ਉਪਰਾਲਾ ਇਨ੍ਹਾਂ ਅਖਰਾਂ ਵਿਚ ਵਿਦਮਾਨ ਹੈ:-

'ਅੰਗਰੇਜ਼ ਦੇ ਨਾਲ ਹੀ ਬੜੇ ਜ਼ੋਰ ਨਾਲ ਅੰਗਰੇਜ਼ੀ ਭਾਸ਼ਾ ਦੇ ਅੰਗਰੇਜ਼ੀ ਸਾਹਿਤ ਦਾ ਪ੍ਰਚਾਰ ਪੰਜਾਬ ਵਿਚ ਸ਼ੁਰੂ ਹੋ ਜਾਂਦਾ ਹੈ । ਉਰਦੂ ਫਾਰਸੀ ਪੰਜਾਬ ਦੀ ਮੁਢਲੀ ਸਿਖਿਆ ਦਾ ਅੰਗ ਬਨਣੀ ਸ਼ੁਰੂ ਹੋ ਜਾਂਦੀ ਹੈ । ਗੁਰੁ ਨਾਨਕ ਦੇਵ ਜੀ ਦੇ ਸਮੇਂ ਵਾਲੀ ਭਾਸ਼ਾ ਸਮੱਸਿਆ ਪੈਦਾ ਹੋ ਜਾਂਦੀ ਹੈ । ਇਹਨਾਂ ਸਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਸਾਹਿਤ ਰਚਨ ਲਈ ਪੁਰਜ਼ੋਰ ਢੰਗ ਨਾਲ ਨਾਮਧਾਰੀ ਸਿੱਖਾਂ ਨੂੰ ਪ੍ਰੇਰਣਾ ਦਿੱਤੀ ।'

ਸੁੰਦਰ ਲੇਖਾਂ ਅਤੇ ਕਵਿਤਾਵਾਂ ਨਾਲ ਲਬਰੇਜ਼ ਇਹ ਅੰਕ ਵਿਦਵਾਨਾਂ ਦੀਆਂ ਦਿੱਲੀ ਤਰੰਗਾਂ ਅਤੇ ਵਲਵਲਿਆਂ ਦਾ ਸੰਪੂਰਣ ਲਖਾਇਕ ਹੈ । ਇਸ ਵਿਚ ਜੋ ਲੇਖਾਂ ਦੀ ਭਰਮਾਰ ਹੈ ਉਹ ਤਕਰੀਬਨ ਗੁਰੁ ਰਾਮ ਸਿੰਘ ਜੀ ਵੇਲੇ ਦੇ ਸਾਰੇ ਪਹਿਲੂ, ਧਾਰਮਿਕ ਅਤੇ ਰਾਜਨੀਤਕ ਪੱਖ ਵੱਖ ਵੱਖ ਲੇਖਾਂ ਦੁਆਰਾ ਉਜਾਗਰ ਕੀਤੇ ਗਏ ਹਨ । ਮਿਸਾਲ ਤੌਰ ਤੇ ਡਾ: ਧਰਮ ਸਿੰਘ ਦਾ ਲੇਖ, 'ਇਸਤ੍ਰੀ ਉਧਾਰ ਲਈ ਕੀਤੇ ਗਏ ਓਪਰਾਲੇ'। 'ਸੰਤ ਖਾਲਸੇ ਦਾ ਸਾਜਣਾ' ਸਵਰਨ ਸਿੰਘ ਵਿਰਕ ਦੀ ਕਲਮ ਤੋਂ । 'ਬੇਟੀ ਬਚਾਓ ਬੇਟੀ ਪੜ੍ਹਾਓ', ਇਕ ਅਹਿਮ ਲੇਖ ਸਾਧੂ ਸਿੰਘ ਕਿਸਾਨ ਦਾ । ਦੇਵਿੰਦਰ ਸਿੰਘ ਗਿੱਲ ਦਾ ਲੇਖ 'ਗੁਰਮਤਿ ਅਨੰਦ ਵਿਆਹ ਦੀ ਅਰੰਭਤਾ' । 'ਕੂਕਾ ਅੰਦੋਲਨ', ਜਸਵਿੰਦਰ ਸਿੰਘ ਹਸਿਟੋਰਿਓਨ ਦੀ ਕਲਮ ਤੋਂ । ਮਹੱਤਵ ਪੂਰਨ ਲੇਖ ਗੁਰਦੇਵ ਸਿੰਘ ਚੀਮਾ ਜੀ ਦਾ, 'ਸਤਿਗੁਰੂ ਜੀ ਦਾ ਦੇਸ਼ ਅਜ਼ਾਦੀ ਵਿਚ ਵਿਸ਼ੇਸ਼ ਯੋਗਦਾਨ' । 'ਗੌਰਵਮਈ ਹੋਲਾ ਅਨੰਦਪੁਰ ਸਾਹਿਬ ਦਾ', ਸੰਤ ਤਾਰਾ ਸਿੰਘ ਅਨਜਾਣ ਦੀ ਕਲਮ ਤੋਂ ਲੇਖ ਅੰਕ ਨੂੰ ਚਾਰ ਚੰਨ ਲਾਉਂਦਾ ਹੈ । ਅੰਕ ਦੇ ਹਿੰਦੀ ਅਤੇ ਅੰਗਰੇਜ਼ੀ ਦੇ ਲੇਖ ਵੀ ਇਸ ਦੀ ਪ੍ਰਭਤਾ ਨੂੰ ਨਿਖਾਰਦੇ ਹਨ । ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਦਾ ਕ੍ਰਾਂਤੀਕਾਰੀ ਅਤੇ ਰੂਹਾਨੀ ਜੀਵਨ ੨੭ ਚਿਤਰਾਂ ਵਿਚ ਇਸ ਅੰਕ ਦੇ ਮੱਧ ਵਿਚ ਵਿਦਮਾਨ ਹੈ । ਇਹ ਤਸਵੀਰਾਂ ਵੇਖਣ ਨਾਲ ਹੀ ਉਸ ਸਰੂ ਦੇ ਕੱਦ ਵਰਗੇ, ਜਿਸਦੀ ਦੈਵੀ ਤੱਕਣੀ ਸਾਡੇ ਸੀਨੇ ਠਾਰਦੀ ਹੈ, ਦਾ ਗੌਰਵਮਈ ਇਤਿਹਾਸ ਇਕ ਫਿਲਮ ਦੀ ਤਰ੍ਹਾਂ ਸਾਹਮਣੇ ਆ ਜਾਂਦਾ ਹੈ । ਇਸ ਦੇ ਸੰਪਾਦਕ ਸੰਤ ਤਾਰਾ ਸਿੰਘ ਅਨਜਾਣ ਅਤੇ ਸ੍ਰੀ ਹੰਸਪਾਲ ਜੀ ਵਧਾਈ ਦੇ ਪਾਤਰ ਹਨ ਇਸ ਸ਼ਾਹਕਾਰ ਦੇ ਜਿਸ ਨੇ ਮਨ ਦੀਆਂ ਤਰੰਗਾਂ ਨੂੰ ਮਾਰੂ ਅਤੇ ਬਸੰਤ ਰਾਗਾਂ ਨਾਲ ਲਬਾ ਲਬ ਕਰ ਦਿਤਾ ਹੈ । ■

# ਨਾਮਧਾਰੀ ਸ਼ਹੀਦਾਂ ਦੇ ਨਾਵਾਂ ਤੇ ਵੱਖ ਵੱਖ ਅਦਾਰਿਆਂ ਦੇ ਨਾਮ ਰੱਖਣ ਦੀਆਂ ਸਿਫਾਰਸ਼ਾਂ.... (ਬਾਕੀ ਸਫਾ 4 ਦੀ)

| ਲੜੀ ਨੰ. | ਸ਼ਹੀਦ ਦਾ ਨਾਮ | ਬਲਾਕ/ਤਹਿਸੀਲ | ਪਿੰਡ | ਸੰਸਥਾ | ਵਿਸ਼ੇਸ਼ ਕਥਨ |
|---|---|---|---|---|---|
| | | | **ਜ਼ਿਲਾ ਮੋਗਾ** | | |
| 20. | ਸੂਬਾ ਜਵਾਹਰ ਸਿੰਘ (ਮੌਲਮੀਨ ਬਰਮਾ) ਵਿਖੇ ਕੈਦ ਕੱਟਦਿਆਂ ਹੋਇਆਂ ਸ਼ਹੀਦ ਹੋਏ | ਮੋਗਾ-2/ਮੋਗਾ | ਡਰੋਲੀ (ਭਾਈ) | ਸੀ. ਐਚ. ਸੀ | ਸੀ. ਐਚ. ਸੀ. ਡਰੋਲੀ ਭਾਈ ਦਾ ਨਾਮ ਸ਼ਹੀਦ ਸੂਬਾ ਜਵਾਹਰ ਸਿੰਘ ਦੇ ਨਾਮ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 21. | ਸੂਬਾ ਮਾਨ ਸਿੰਘ (ਚੁਨਾਰ ਕਿਲੇ ਵਿਚ ਕੈਦ ਕੱਟ ਸ਼ਹੀਦ ਹੋਏ) | ਨਿਹਾਲ ਸਿੰਘ ਵਾਲਾ/ਨਿਹਾਲ ਸਿੰਘ ਵਾਲਾ | ਸੈਦੋਕੇ | ਡਿਸਪੈਂਸਰੀ (ਜ਼ਿਲਾ ਪਰੀਸ਼ਦ ਅਧੀਨ) | ਡਿਸਪੈਂਸਰੀ ਸੈਦੋਕੇ ਦਾ ਨਾਮ ਸ਼ਹੀਦ ਮਾਨ ਸਿੰਘ ਦੇ ਨਾਮ ਤੇ ਰਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| | | | **ਜ਼ਿਲਾ ਬਠਿੰਡਾ** | | |
| 22. | ਸ਼ਹੀਦ ਸੂਬਾ ਗਿਆਨੀ ਰਤਨ ਸਿੰਘ (ਲੁਧਿਆਣੇ ਵਿਖੇ ਸ਼ਹੀਦ ਹੋਏ) ਹਰਨਾਮ ਸਿੰਘ (ਮਲੇਰਕੋਟਲਾ ਸਾਕੇ ਸ਼ਹੀਦ ਹੋਏ) | ਰਾਮਪੁਰਾ/ਫੂਲ | ਮੰਡੀਕਲਾਂ | ਪੀ. ਐਚ. ਸੀ | ਪੀ. ਐਚ. ਸੀ ਮੰਡੀਕਲਾਂ ਦਾ ਨਾਂ ਸ਼ਹੀਦ ਗਿਆਨੀ ਰਤਨ ਸਿੰਘ ਦੇ ਨਾਂ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 23. | ਸ਼ਹੀਦ ਰਤਨ ਸਿੰਘ ਨਾਈਵਾਲਾ (ਲੁਧਿਆਣਾ ਵਿਖੇ ਸ਼ਹੀਦ ਹੋਏ) | ਮੌੜ/ਤਲਵੰਡੀ ਸਾਬੋ | ਰਾਮਨਗਰ ਕਸਾਈਵਾੜਾ | ਸਬ-ਸੈਂਟਰ | ਸਬ-ਸੈਂਟਰ ਰਾਮ ਨਗਰ (ਕਸਾਈਵਾੜਾ) ਦਾ ਨਾਮ ਸ਼ਹੀਦ ਰਤਨ ਸਿੰਘ ਦੇ ਨਾਮ ਤੇ। |
| 24. | ਸ਼ਹੀਦ ਮੰਗਲ ਸਿੰਘ, ਗੁਰਮੁੱਖ ਸਿੰਘ, ਮਸਤਾਨ ਸਿੰਘ (ਰਾਏਕੋਟ ਸਾਕੇ ਦੇ ਸ਼ਹੀਦ) ਸ਼ਹੀਦ ਹੀਰਾ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) ਸੂਬਾ ਹੁਕਮ ਸਿੰਘ (ਕੈਦ ਕੱਟ ਸ਼ਹੀਦ ਹੋਏ) | ਰਾਮਪੁਰਾ/ਫੂਲ | ਪਿੱਥੋਂ | ਸਬ-ਸੈਂਟਰ | ਸਬ-ਸੈਂਟਰ ਪਿੱਥੋਂ ਦਾ ਨਾਮ ਸ਼ਹੀਦ ਮੰਗਲ ਸਿੰਘ ਦੇ ਨਾਮ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 25. | ਸ਼ਹੀਦ ਵਰਿਆਮ ਸਿੰਘ, ਮੋਗਾ ਸਿੰਘ, ਸ਼ਹੀਦ ਅਤਰ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਰਾਮਪੁਰਾ/ਫੂਲ | ਮਹਿਰਾਜ | ਸੀ. ਐਚ. ਸੀ. | ਸੀ. ਐਚ. ਸੀ. ਮਹਿਰਾਜ ਦਾ ਨਾਮ ਸ਼ਹੀਦ ਵਰਿਆਮ ਸਿੰਘ ਦੇ ਨਾਮ ਤੇ ਰੱਖਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। |
| 26. | ਸ਼ਹੀਦ ਕੇਸਰ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਰਾਮਪੁਰਾ/ਫੂਲ | ਗਿੱਲ ਕਲਾਂ | ਸਬ-ਸੈਂਟਰ | ਸਬ-ਸੈਂਟਰ ਗਿਲ ਕਲਾਂ ਦਾ ਨਾਮ ਸ਼ਹੀਦ ਕੇਸਰ ਸਿੰਘ ਦੇ ਨਾਮ ਤੇ। |
| 27. | ਸ਼ਹੀਦ ਮਹਾਂ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਰਾਮਪੁਰਾ/ਫੂਲ | ਚਾਓ ਕੇ | ਸਬ-ਸੈਂਟਰ | ਸਬ-ਸੈਂਟਰ ਚਾਓਂ ਕੇ ਦਾ ਨਾਮ ਸ਼ਹੀਦ ਮਹਾਂ ਸਿੰਘ ਦੇ ਨਾਮ ਤੇ। |
| 28. | ਸ਼ਹੀਦ ਬਸੰਤ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਰਾਮਪੁਰਾ/ਫੂਲ | ਸੇਲਬਰਾਹ | ਸਬ-ਸੈਂਟਰ | ਸਬ-ਸੈਂਟਰ ਸੇਲਬਰਾਹ ਦਾ ਨਾਮ ਸ਼ਹੀਦ ਬਸੰਤ ਸਿੰਘ ਦੇ ਨਾਮ ਤੇ। |
| | | | **ਜ਼ਿਲਾ ਬਰਨਾਲਾ** | | |
| 29. | ਸ਼ਹੀਦ ਵਰਿਆਮ ਸਿੰਘ, ਨੱਥਾ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਬਰਨਾਲਾ/ਬਰਨਾਲਾ | ਬਰਨਾਲਾ | ਸਿਵਲ ਹਸਪਤਾਲ | ਸਿਵਲ ਹਸਪਤਾਲ ਬਰਨਾਲਾ ਦਾ ਨਾਂ ਸ਼ਹੀਦ ਵਰਿਆਮ ਸਿੰਘ ਦੇ ਨਾਮ ਤੇ |
| | | | **ਜ਼ਿਲਾ ਮੁਕਤਸਰ** | | |
| 30. | ਭਾਈ ਰਾਏ ਸਿੰਘ | ਕੋਟ ਭਾਈ/ਗਿੱਦੜਵਾਹਾ | ਮਧੀਰ | ਪੀ. ਐਚ. ਸੀ. | ਪੀ. ਐਚ. ਸੀ. ਮਧੀਰ ਦਾ ਨਾਮ ਭਾਈ ਰਾਏ ਸਿੰਘ ਦੇ ਨਾਮ ਤੇ। |
| | | | **ਜ਼ਿਲਾ ਪਟਿਆਲਾ** | | |
| 31. | ਹਜ਼ੂਰੀ ਸੇਵਕ ਭਾਈ ਨਾਨੂੰ ਸਿੰਘ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਅਲਾਹਾਬਾਦ ਅਤੇ ਬਰਮਾ ਵਿਖੇ ਕੈਦ ਕੱਟਣ ਉਪਰੰਤ ਸ਼ਹੀਦ | ਘਨੌਰ/ਰਾਜਪੁਰਾ | ਰੁੜਕੀ | ਸਬ-ਸੈਂਟਰ | ਸਬ-ਸੈਂਟਰ ਰੁੜਕੀ ਦਾ ਨਾਮ ਸ਼ਹੀਦ ਹਜ਼ੂਰੀ ਸੇਵਕ ਭਾਈ ਨਾਨੂੰ ਸਿੰਘ ਦੇ ਨਾਮ ਤੇ। |
| | | | **ਜ਼ਿਲਾ ਫਿਰੋਜਪੁਰ** | | |
| 32. | ਸ਼ਹੀਦ ਖਜ਼ਾਨ ਸਿੰਘ (ਮਲੇਰਕੋਟਲਾ ਸਾਕੇ ਦੇ ਸ਼ਹੀਦ) | ਜ਼ੀਰਾ/ਜ਼ੀਰਾ | ਮੱਲੋਕੇ | ਸਬ-ਸੈਂਟਰ | ਸਬ-ਸੈਂਟਰ ਮੱਲੋਕੇ ਦਾ ਨਾਮ ਸ਼ਹੀਦ ਖਜ਼ਾਨ ਸਿੰਘ ਦੇ ਨਾਮ ਤੇ। |
| | | | **ਜ਼ਿਲਾ ਜਲੰਧਰ** | | |
| 33. | ਸ਼ਹੀਦ ਮੇਹਰ ਸਿੰਘ (ਮਲੇਰਕੋਟਲਾ ਸਾਕੇ ਸਮੇਂ ਕਾਲੇ ਪਾਣੀ ਦੀ ਕੈਦ ਕਟ ਸ਼ਹੀਦ ਹੋਏ) | ਅਲਾਵਲਪੁਰ (ਨਗਰ ਕੌਂਸਲ ਹੈ) | ਅਲਾਵਲਪੁਰ | ਐਸ. ਐਚ. ਸੀ | ਐਸ. ਐਚ. ਸੀ. ਅਲਾਵਲਪੁਰ ਦਾ ਨਾਮ ਸ਼ਹੀਦ ਮੇਹਰ ਸਿੰਘ ਦੇ ਨਾਮ ਤੇ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। |

# ਰਾਏਕੋਟ ਦੇ ਸ਼ਹੀਦਾਂ ਨਮਿਤ ਮੇਲਾ.. (ਬਾਕੀ ਸਫਾ 2 ਦੀ)



**ਸ਼ਹੀਦਾਂ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਅਨੰਦ ਮਾਣਦੀ ਸਾਧ ਸੰਗਤ।**

ਕਦੀ ਵੀ ਭੁਲ ਨਹੀਂ ਸਕਦੇ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੀ ਬਹੁਤ ਕਿਰਪਾ ਕਰ ਰਹੇ ਹਨ। ਸਾਰੀ ਸਾਧ ਸੰਗਤ ਤੇ ਅਪਾਰ ਕਿਰਪਾ ਕਰ ਰਹੇ ਹਨ। ਸਾਡੀ ਅਰਦਾਸ ਹੈ ਸ੍ਰੀ ਸਤਿਗੁਰੂ ਜੀ ਸਾਨੂੰ ਆਪਣੇ ਚਰਨਾਂ ਦਾ ਪਿਆਰ ਬਖਸ਼ਣ। ਸਾਰੀ ਸੰਗਤ ਤੇ ਮਿਹਰ ਭਰਿਆ ਹੱਥ ਰੱਖਣ। ਅਸੀਂ ਸ਼ਹੀਦਾਂ ਦੇ ਮੇਲੇ ਇਸੀ ਤਰ੍ਹਾਂ ਹੀ ਮਨਾਉਂਦੇ ਰਹੀਏ।

ਕਾਕਾ ਕਰਤਾਰ ਸਿੰਘ ਤੇ ਬੀਬੀ ਹਰਨਾਮ ਕੌਰ ਲੁਧਿਆਣਾ ਨੇ ਸ਼ਹੀਦਾਂ ਦੇ ਜੀਵਨ ਤੇ ਚਾਨਣਾ ਪਾਇਆ।

**ਸੂਬਾ ਸੁਰਿੰਦਰ ਕੌਰ ਖਰਲ** ਜਿਨਾਂ ਨੇ ਸਟੇਟ ਆਰਕਾਈਵਜ਼ ਪਟਿਆਲਾ ਤੋਂ ਕੂਕਾ ਅੰਦੋਲਨ ਸੰਬੰਧੀ ਬਹੁਤ ਸਾਰੇ ਉਰਦੂ ਭਾਸ਼ਾ ਦੇ ਦਸਤਾਵੇਜ਼ਾਂ ਦੀਆਂ ੭ ਫਾਈਆਂ ਕਢਵਾਈਆਂ ਹਨ, ਨੇ ਇਹਨਾਂ ਦਸਤਾਵੇਜਾਂ ਵਿਚੋਂ ਰਾਏਕੋਟ ਸਾਕੇ ਨਾਲ ਸੰਬੰਧਿਤ ਇਕ ਬਹੁਤ ਮਹੱਤਵਪੂਰਨ ਪੜ੍ਹ ਕੇ ਸੁਣਾਇਆ। ਇਹ ਦਸਤਾਵੇਜ ੫ ਅਗਸਤ ੧੮੭੧ ਈ. ਦਾ ਹੈ। ਇਸ ਦਿਨ ਰਾਏਕੋਟ ਸਾਕੇ ਦੇ ੩ ਸਿਖਾਂ ਸਰਵ ਸ੍ਰੀ ਸੰਤ ਗੁਰਮੁਖ ਸਿੰਘ, ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ। ਇਹ ਤਿੰਨੋਂ ਸਿੱਖ ਪਿੰਡ ਪਿਥੋਂ ਜ਼ਿਲਾ ਬਠਿੰਡਾ ਦੇ ਸਨ ਇਹ ਦਸਤਾਵੇਜ ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਦੀ (Secrit File) ਵਿਚੋਂ ਲਿਆ ਗਿਆ ਹੈ। ਇਹ ਇਕ ਚਿਠੀ ਹੈ ਜੋ ਅਬਦੁਲ ਹਸਨ ਥਾਣੇਦਾਰ ਵਲੋਂ ਮਹਾਰਾਜਾ ਪਟਿਆਲਾ ਨੂੰ ਲਿਖੀ ਹੋਈ ਹੈ ਜਿਸ ਵਿਚ ਜ਼ਿਕਰ ਹੈ ਕਿ ਅੱਜ ਸਵੇਰੇ ੫ ਵਜੇ ਰਾਏਕੋਟ ਬੁੱਚੜਾਂ ਦੇ ਤਿੰਨਾਂ ਕਾਤਲਾਂ ਨੂੰ ਫਾਹੇ ਲਾਇਆ ਗਿਆ। ਇਹਨਾਂ ਤਿੰਨੇ ਕਾਤਲਾਂ ਦੀਆਂ ਲਾਸ਼ਾਂ ਨੂੰ ਗੁਰਮੁਖ ਸਿੰਘ ਕਾਤਲ (ਸ਼ਹੀਦ) ਦੇ ਚਾਚੇ ਚੰਨ ਸਿੰਘ ਨੂੰ ਸੌਂਪ ਦਿੱਤਾ ਗਿਆ। ਉਹ ਤਿੰਨਾਂ ਸ਼ਹੀਦਾਂ ਦੀਆਂ ਲਾਸ਼ਾਂ ਨੂੰ ਗਢੇ ਵਿਚ ਲੱਦ ਕੇ ਪਿੰਡ ਪਿਥੋਂ ਲੈ ਗਿਆ ਤੇ ਉਥੇ ਉਹਨਾਂ ਦਾ ਦਾਹ ਸਸਕਾਰ ਕੀਤਾ।

**ਸੰਤ ਗੁਰਚਰਨ ਸਿੰਘ ਚੰਨ ਸੰਤ ਨਗਰ** ਵਾਲਿਆਂ ਨੇ ਕਿਹਾ ਸਾਨੂੰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਚਲਣਾ ਚਾਹੀਦਾ ਹੈ। ਗੁਰਗੱਦੀ ਦੇ ਮਾਲਕ ਸ੍ਰੀ ਸਤਿਗੁਰੂ ਜੀ ਹੀ ਹਨ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਸਾਡੇ ਸਾਰਿਆਂ ਤੇ ਮਿਹਰ ਭਰਿਆ ਹੱਥ ਰੱਖਣ।

**ਜੋਗਾ ਸਿੰਘ ਭੰਗੂਰ** ਤੇ ਸਾਥੀਆਂ ਨੇ ਕਵਿਤਾ ਦੇ ਰੂਪ ਵਿਚ ਸ਼ਹੀਦਾਂ ਦਾ ਪ੍ਰਸੰਗ ਸੁਣਾਇਆ। ਸੰਤ ਸਵਿੰਦਰ ਸਿੰਘ ਨੇ ਇਕ ਕਵਿਤਾ ਸ਼ਹੀਦਾਂ ਦੀ ਯਾਦ ਵਿਚ ਪੇਸ਼ ਕੀਤੀ।

**ਨਿਤਨੇਮ ਤੇ ਕੀਰਤਨ-** ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦੇ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਸਾਰੀ ਸੰਗਤ ਨੇ ਵਾਰੋ ਵਾਰੀ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਆਪਣਾ ਜਨਮ ਸਫਲਾ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਟੇਪ ਸਰਵਣ ਕੀਤਾ ਗਿਆ। ਉਪਰੰਤ ਸੰਤ ਹਰਬੰਸ ਸਿੰਘ ਘੁਲਾ ਨੇ ਤੰਤੀ ਸਾਜਾਂ ਦੇ ਨਾਲ ਕੀਰਤਨ ਗਾਇਨ ਕੀਤਾ। ਅਰਦਾਸ ਸੂਬਾ ਬਲਵਿੰਦਰ ਸਿੰਘ ਝਲ ਨੇ ਕੀਤੀ। ਲੰਗਰ ਦਾ ਪ੍ਰਬੰਧ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਗਿਆ ਸੀ। ਸੋਧ ਦੇ ਲੰਗਰ ਵਾਸਤੇ ਅਲਗ ਇੰਤਜਾਮ ਸੀ। ਸਟੇਜ ਸਕੱਤਰਤਾ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ।

**ਪਵਿੱਤਰ ਉਪਦੇਸ਼-** ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਂਦਿਆਂ ਕਿਹਾ ਕਿ ***ਜਦੋਂ ਸਿਖ ਰਾਜ ਦਾ ਪਤਨ ਹੋ ਚੁੱਕਾ ਸੀ ਦਸ਼ਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੀ ਗੁਰਸਿਖੀ ਤੋਂ ਸਿੱਖ ਭਟਕ ਚੁਕੇ ਸਨ ਤਾਂ ਉਸ ਵੇਲੇ ਦੇਸ਼ ਗੁਲਾਮ ਹੋ ਚੁੱਕਾ ਸੀ। ਉਸ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਿਰਪਾ ਕੀਤੀ ਤੇ ਸੁੱਤੀ ਕੌਮ ਨੂੰ ਜਗਾਇਆ। ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਹਕੂਮਤ ਦੇ ਵਿਰੁੱਧ ੧੮੫੭ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਫੈਦ ਝੰਡਾ ਲਹਿਰਾ ਕੇ ਦੇਸ ਦੀ ਆਜ਼ਾਦੀ ਦਾ ਬਿਗੁਲ ਵਜਾਇਆ। ਜਿਨਾਂ ਸ਼ਹੀਦਾਂ ਨੇ ਇਥੇ ਫਾਂਸੀਆਂ ਤੇ ਚੜ੍ਹ ਕੇ ਸ਼ਹਾਦਤਾਂ ਦਿੱਤੀਆਂ ਤੇ ਮਲੇਰਕੋਟਲੇ ਵਿਖੇ ੬੬ ਨਾਮਧਾਰੀ ਸਿੰਘਾਂ ਨੇ ਤੋਪਾਂ ਅਗੇ ਸ਼ਹਾਦਤਾਂ ਦਿੱਤੀਆਂ ਉਹਨਾਂ ਨੂੰ ਕੋਈ ਲਾਲਚ ਨਹੀਂ ਸੀ, ਕੋਈ ਡਰ ਨਹੀਂ ਸੀ। ਸਾਨੂੰ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਹਮੇਸ਼ਾਂ ਲੋੜਵੰਦਾਂ ਦੀ ਮਦਦ ਕਰੋ। ਲਾਲਚ, ਵਿਸ਼ੇ ਵਿਕਾਰ ਤਿਆਗ ਕੇ ਚੰਗੇ ਇਨਸਾਨ ਬਣ ਕੇ ਚੰਗੇ ਸਮਾਜ ਦੀ ਸਿਰਜਣਾ ਕਰੋ ਤੇ ਦੇਸ਼ ਦੀ ਸੇਵਾ ਕਰੋ ਇਹ ਸਾਡੀ ਸ਼ਹੀਦਾਂ ਨੂੰ ਸਚੀ ਸ਼ਰਧਾਂਜਲੀ ਹੋਵੇਗੀ।***

**ਮੇਲੇ ਦੀ ਸੇਵਾ**-ਸੰਤ ਸਰਦਾਰਾ ਸਿੰਘ ਦੇ ਸਮੂਹ ਪਰਿਵਾਰ ਵਲੋਂ ਤਨ, ਮਨ ਤੇ ਧਨ ਨਾਲ ਕੀਤੀ ਗਈ। ਆਏ ਹੋਏ ਪਤਵੰਤੇ ਸਜਣਾਂ ਦਾ ਮਾਨ ਸਨਮਾਨ ਕੀਤਾ ਗਿਆ। ਤਹਸੀਲਦਾਰ - ਸੰਦੂਰਾ ਸਿੰਘ ਡਿਪਟੀ, ਤਜਿੰਦਰ ਸਿੰਘ, ਨਿਰਮਲ ਸਿੰਘ ਵਿਰਕ, ਜਸਪਾਲ ਸਿੰਘ ਬਿਟੂ, ਜਗਦੇਵ ਸਿੰਘ ਤਾਜਪੁਰ, ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਮੇਲਾ ਨਿਰਵਿਘਨ ਸਮਾਪਤ ਹੋਇਆ।

**-ਗੁਰਦੇਵ ਸਿੰਘ ਚੀਮਾ, ਸਕੱਤਰ**
**ਵਿਸ਼ਵ ਨਾਮਧਾਰੀ ਵਿਦਿਅਕ ਜਥਾ**
**ਸ੍ਰੀ ਭੈਣੀ ਸਾਹਿਬ**



**ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਪੁਜੀ ਦੂਰੋਂ ਨੇੜਿਓਂ ਦੀ ਸਾਧ ਸੰਗਤ।**

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ

22-7-2016-ਅੱਜ ਸਾਧ ਸੰਗਤ ਲੁਧਿਆਣਾ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ 59ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ। ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਹੋਏ ਇਸ ਖੁਸ਼ੀ ਦੇ ਸਮਾਗਮ ਵਿਚ ਸਭ ਤੋਂ ਪਹਿਲਾਂ ਕਾਕਾ ਬਲਦੇਵ ਸਿੰਘ ਨੇ ਹਲੇ ਦਾ ਦਿਵਾਨ ਲਾ ਕੇ ਸ੍ਰੀ ਸਤਿਗੁਰੂ ਜੀ ਦੀ ਉਸਤਤ ਕੀਤੀ।

ਬੱਚੀ ਸੁਰਿੰਦਰ ਕੌਰ ਨੇ ਸ੍ਰੀ ਸਤਿਗੁਰੂ ਜੀ ਦੇ ਆਗਮਨ ਦੀ ਖੁਸ਼ੀ ਵਿਚ ਸ਼ਬਦ **'ਮੇਰੇ ਲਾਲਨ ਕੀ ਸੋਭਾ'** ਪੜ ਸਾਧ ਸੰਗਤ ਨਾਲ ਖੁਸ਼ੀ ਸਾਂਝੀ ਕੀਤੀ। ਲੁਧਿਆਣਾ ਦਾ ਰਾਗੀ ਜਥਾ- ਗੁਰਸੇਵਕ ਸਿੰਘ, ਸੁੰਦਰ ਸਿੰਘ, ਸਰੂਪ ਸਿੰਘ, ਸੰਦੀਪ ਸਿੰਘ, ਆਸਾ ਸਿੰਘ ਹਰਨਾਮ ਸਿੰਘ, ਦਤਨਾਮ ਸਿੰਘ, ਜਵੰਦ ਸਿੰਘ ਨੇ ਸ਼ਬਦ - ***'ਸੁਨੇ ਰਾਮ ਆਏ ਸਬੇ ਲੋਗ ਢਾਹਿ'*** ਪੜ੍ਹਿਆ। ਕਾਕਾ ਸ਼ਰਨ ਸਿੰਘ ਨੇ ਹਲੇ ਦੇ ਸ਼ਬਦ ਪੜ੍ਹੇ।

ਉਪਰੰਤ ਸੰਤ ਸੁਖਵਿੰਦਰ ਸਿੰਘ ਲਾਇਲ, ਜਥੇਦਾਰ ਅਮਰੀਕ ਸਿੰਘ ਨੇ ਦਿਵਾਨ ਲਗਾ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜੀ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਸਾਨੂੰ ਸੰਗਤ ਨੂੰ ਸੰਭਾਲਿਆ। ਸੰਤ ਸਵਿੰਦਰ ਸਿੰਘ ਨੇ ਕਵਿਤਾ ਰਾਹੀਂ ਸ੍ਰੀ ਸਤਿਗੁਰੂ ਜੀ ਦੇ ਪਰਉਪਕਾਰਾਂ ਬਾਰੇ ਦੱਸਿਆ। ਬਲਵੀਰ ਸਿੰਘ ਨੇ ਸੰਗਤ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਿਥੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਇਸ ਪੰਥ ਨੂੰ ਸੰਭਾਲਿਆ ਹੈ ਉਥੇ ਨਾਮ ਸਿਮਰਨ, ਕਥਾ ਕੀਰਤਨ ਦਾ ਪਰਵਾਹ ਚਲਾ ਕੇ ਰੱਖਿਆ ਹੈ। ਸਤਿਗੁਰੂ ਜੀ ਨੌਜਵਾਨਾਂ ਨੂੰ ਬਹੁਤ ਪਿਆਰ ਕਰਦੇ ਹਨ।

ਸੰਤ ਗੁਰਮੁਖ ਸਿੰਘ ਰਹਿਬਰ ਨੇ ਸਾਧ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਬਚਪਨ ਵਿਚ ਬਹੁਤ ਹੀ ਦਾਨੀ ਅਤੇ ਮਿਹਨਤੀ ਸੁਭਾਅ ਦੇ ਸਨ। ਸਤਿਗੁਰੂ ਜੀ ਨੇ ਹਮੇਸ਼ਾਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਸਤਿ ਬਚਨ ਕਰਕੇ ਮੰਨਿਆ ਤੇ ਕਦੀ ਵੀ ਕਿਸੇ ਵੀ ਹੁਕਮ ਨੂੰ ਨਾਂਹ ਨਹੀਂ ਕੀਤੀ ਅਤੇ ਅੱਜ ਸਾਨੂੰ ਸਭ ਨੂੰ ਪਿਆਰ ਦੇ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਘਾਟ ਮਹਿਸੂਸ ਨਹੀਂ ਹੋਣ ਦਿੰਦੇ।

ਸੂਬਾ ਹਰਭਜਨ ਸਿੰਘ ਨੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸ੍ਰੀ ਸਤਿਗੁਰੂ ਜੀ ਨੇ ਜਿਸ ਵੀ ਕੰਮ ਨੂੰ ਹੁਕਮ ਮੰਨ ਕੇ ਹੱਥ ਪਾਇਆ ਉਸ ਕੰਮ ਨੂੰ ਬੁਲੰਦੀਆਂ ਤੇ ਪਹੁੰਚਾਇਆ ਹੈ ਭਾਵੇਂ ਉਹ ਨਾਮਧਾਰੀ ਸੀਡਜ਼ ਹੋਵੇ, ਭਾਵੇਂ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ, ਸ੍ਰੀ ਸਤਿਗੁਰੂ ਜੀ ਦਾ ਮੇਹਰ ਭਰਿਆ ਹੱਥ ਸਾਡੇ ਸਭਨਾਂ ਤੇ ਇਸੇ ਤਰ੍ਹਾਂ ਬਣਿਆ ਰਹੇ।

**24-7-2016-** ਸੰਤ ਬਲਵਿੰਦਰ ਸਿੰਘ ਹੋਰਾਂ ਦੇ ਪਰਿਵਾਰ ਵਲੋਂ ਹੋਏ ਅੱਜ ਦੇ ਹਫਤਾਵਾਰੀ ਸਮਾਗਮ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਰਾਗੀ ਜਥਾ ਗੁਰਸੇਵਕ ਸਿੰਘ, ਸੁੰਦਰ ਸਿੰਘ, ਸੰਦੀਪ ਸਿੰਘ, ਆਸਾ ਸਿੰਘ, ਹਰਨਾਮ ਸਿੰਘ, ਸਵਿੰਦਰ ਸਿੰਘ, ਮਨਜੀਤ ਸਿੰਘ ਆਦਿ ਨੇ ਤੰਤੀ ਸਾਜਾਂ ਨਾਲ ਵਾਰ ਦੇ ਰੂਪ ਵਿਚ ਕੀਤਾ। 1 ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਸੰਤ ਗੁਰਦੇਵ ਸਿੰਘ ਮੋਤੀ ਨਗਰ ਵਾਲਿਆਂ ਵਲੋਂ ਪਾਇਆ ਗਿਆ। 358 ਪਾਠ ਚੌਪਈ ਦੇ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਕੀਤੇ ਗਏ। ਉਪਰੰਤ ਬੱਚੀ ਨਵਨੀਤ ਕੌਰ ਦੇ ਜਥੇ ਨੇ ਦਿਵਾਨ ਲਗਾਇਆ। ਇਸ ਬੱਚੀ ਨੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਵਾਰਿਸ਼ਕ ਸੰਮੇਲਨ ਵਿਚ ਪਹਿਲਾ ਇਨਾਮ ਪ੍ਰਾਪਤ ਕੀਤਾ ਹੈ।

## ਯਾਦ ਵੱਡ ਪ੍ਰਤਾਪੀ ਦੀ ਆਉਣ ਲੱਗ ਪਈ

**✍ ਜਸਵੰਤ ਸਿੰਘ ਵੜੈਚ, ਰਾਣੀਆਂ**

*ਗਿਆ ਸਾਵਣ ਤੇ ਭਾਦਰੋਂ ਦੀ ਪੰਜ ਆਈ*
*ਯਾਦ ਵੱਡ ਪ੍ਰਤਾਪੀ ਦੀ ਆਉਣ ਲੱਗ ਪਈ।*
*ਯਾਦ ਆਈ ਤੇ ਨੈਨਾਂ ਚੋਂ ਨੀਰ ਵਗਿਆ,*
*ਬਿਰਹੋਂ ਖਿੱਚ ਕਲੇਜੇ ਨੂੰ ਖਾਉਂਣ ਲੱਗ ਪਈ।*
*ਸਨੇਂ ਬਾਗ ਬਗੀਆਂ ਫੁੱਲ ਸਾਰੇ,*
*ਖਿੜੀ ਹੋਈ ਗੁਲਜਾਰ ਮੁਰਝਾਉਣ ਲੱਗ ਪਈ।*
*ਛੱਡ ਰਾਗ ਬਸੰਤ ਦਾ ਕੋਇਲ ਕਾਲੀ,*
*ਬਾਗਾਂ ਵਿਚ ਮਾਰੂ ਰਾਗ ਗਾਉਣ ਲੱਗ ਪਈ।*
*ਸੁਰ ਅਸੁਰ ਨਰ ਨਾਰੀ ਤੇ ਦੇਵ ਸਾਰੇ,*
*ਸਾਰੀ ਤਰੈ ਲੋਕੀ ਕੁਰਲਾਉਣ ਲੱਗ ਪਈ।*
*ਏਨੀਂ ਘੁੱਪ ਅੰਧੇਰੇ ਦੀ ਰਾਤ ਵਿਚੋਂ,*
*ਕਿਰਨ ਚਾਨਣ ਦੀ ਇਕ ਨਦਰੀਂ ਆਉਣ ਲੱਗ ਪਈ।*
*ਤਕਿਆ ਮੁੱਖ ਜਾਂ ਸ੍ਰੀ ਜਗਜੀਤ ਜੀ ਦਾ,*
*ਛੱਵੀ ਵੱਡ ਪ੍ਰਤਾਪੀ ਦੀ ਆਉਣ ਲੱਗ ਪਈ।*
*ਜੋਤ ਉਹਾ ਤੇ ਜੁਗਤਾਂ ਵੀ ਸਾਰੀਆਂ ਉਹੋ,*
*ਪਲਟੀ ਕਾਇਆ ਤੇ ਫੇਰ ਸੋਭਾ ਪਾਉਣ ਲੱਗ ਪਈ।*
*ਦਰਸ਼ਨ ਕਰਕੇ ਸੰਗਤ ਨਿਹਾਲ ਹੋਈ,*
*ਧੂੜੀ ਚਰਨਾਂ ਦੀ ਮੱਥੇ ਨੂੰ ਲਾਉਣ ਲੱਗ ਪਈ।*
*ਐਸੀ ਖੁਸ਼ੀ ਵਿਚ ਸਮੇਂ ਨੇ ਲਈ ਕਰਵਟ,*
*ਕੁਦਰਤ ਆਪਨਾ ਰੰਗ ਵਖਾਉਣ ਲੱਗ ਪਈ।*
*ਤੁਰ ਗਿਆ ਜਿਤ ਕੇ ਜੱਗ ਜਗਜੀਤ ਪਿਆਰਾ,*
*ਸਾਰੀ ਧਰਤ ਹੀ ਔਸੀਆਂ ਪਾਉਣ ਲੱਗ ਪਈ।*
*ਕਰੀ ਕਿਰਪਾ ਫਿਰ ਸਤਿਗੁਰੂ ਸੂਰਮੇ ਨੇ,*
*ਪੱਤ ਝੱੜ ਗਈ ਬਹਾਰ ਫਿਰ ਆਉਣ ਲੱਗ ਪਈ।*
*ਉਦੇ ਹੋ ਗਿਆ ਚਾਂਨਣੀ ਦੇਣ ਵਾਲਾ,*
*ਕਲਮ ਜੱਸ ਦੀ ਫਿਰ ਦੁਹਰਾਉਣ ਲੱਗ ਪਈ।*

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਰਾਏਕੋਟ ਵਿਖੇ ਸ਼ਹੀਦਾਂ ਨਮਿਤ ਮੇਲੇ ਦੀ ਸੇਵਾ ਕਰਵਾਉਣ ਵਾਲੇ ਸਵ: ਸੰਤ ਸਰਦਾਰਾ ਸਿੰਘ ਦੇ ਸਪੁੱਤਰ ਸੰਤ ਜਗਮੋਹਨ ਸਿੰਘ, ਸੂਬਾ ਹਰਭਜਨ ਸਿੰਘ ਲੁਧਿਆਣਾ
ਅਤੇ ਸੰਤ ਗੁਰਬਖ਼ਸ਼ੀਸ਼ ਸਿੰਘ ਦਾ ਪਰਵਾਰ ਸ੍ਰੀ ਸਤਿਗੁਰੂ ਜੀ ਨੂੰ ਤਿਲਫੁਲ ਭੇਟਾ ਧਰ ਬਖ਼ਸ਼ਿਸ਼ਾ ਪ੍ਰਾਪਤ ਕਰਦਾ ਹੋਇਆ ।



ਰਾਏਕੋਟ ਸ਼ਹੀਦਾਂ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਆਏ ਮੁੱਖ ਮਹਿਮਾਨ ਸ੍ਰੀ ਲਛਮਣ ਦਾਵਿੜ ਪ੍ਰਧਾਨ ਭਾਰਤੀ ਵਾਲਮਿਕਿ ਸਭਾ ਪੰਜਾਬ, ਸ. ਬਿਕਰਮਜੀਤ ਸਿੰਘ ਖਾਲਸਾ ਸਾਬਕਾ ਪਾਰਲੀਮੈਂਟੀ ਸੈਕਟਰੀ
ਅਤੇ ਅਕਾਲੀ ਆਗੂ, ਸ. ਤੇਜਿੰਦਰ ਸਿੰਘ ਡੀ. ਐਸ. ਪੀ ਰਾਏਕੋਟ, ਸ. ਗਿੱਲ ਪ੍ਰੈਸ ਰਿਪੋਟਰ ਫਾਸਟਵੇ ਚੈਨਲ, ਅਤੇ ਸ. ਸੰਦੂਰਾ ਸਿੰਘ ਤਹਿਸੀਲਦਾਰ ਰਾਏਕੋਟ ਦਾ ਸਨਮਾਨ ਕਰਦੇ ਹੋਏ ।



ਮੰਡੀ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੇਲੇ ਸਮੇਂ ਰਾਗੀ ਇੰਦਰਜੀਤ ਸਿੰਘ
ਜਥੇ ਸਮੇਤ ਤੰਤੀ ਸਾਜਾਂ ਨਾਲ ਕੀਰਤਨ ਕਰਦੇ ਹੋਏ ।



ਮੋਹਾਲੀ ਵਿਖੇ ਚਲ ਰਹੀ ਵਰਨੀਆਂ ਦੀ ਲੜੀ ਵਿੱਚ ਹਿੱਸਾ ਲੈ ਰਹੇ ਸਿੰਘ ।



ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਸਮੇਂ ਬੱਚੀ ਨਵਨੀਤ ਕੌਰ ਦੀਵਾਨ ਸਜਾਉਂਦੀ ਹੋਈ ।



ਲੁਧਿਆਣੇ ਵਿਖੇ ਸ੍ਰੀ ਸਤਿਗੁਰੂ ਜੀ ਦੇ 59ਵੇਂ ਪ੍ਰਕਾਸ਼ ਪੁਰਬ ਮੇਲੇ ਸਮੇਂ ਲੁਧਿਆਣੇ ਦਾ ਰਾਗੀ ਜਥਾ ਕੀਰਤਨ ਕਰਦਾ ਹੋਇਆ ।

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.56 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.50 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 24 of 25 August 2016